14

## ਪੰਜਾਬ ਪੁਲਿਸ ਅਤੇ ਨੀਮ ਫੌਜੀ ਬਲ

ਕਿਉਂਕਿ ਸਾਰਾ ਪੰਜਾਬ ਅੱਤਵਾਦ ਦੀ ਲਪੇਟ ਵਿਚ ਆ ਗਿਆ ਸੀ, ਇਸ ਨੂੰ ਉਪਰ ਉੱਠਣ ਤੋਂ ਰੋਕਣ ਦਾ ਮੁਕਾਬਲਾ ਕਰਨ ਲਈ ਬਹੁਤ ਸਾਰੇ ਸੁਰੱਖਿਆ ਕਰਮਚਾਰੀਆਂ ਦੀ ਲੋੜ ਪੈ ਗਈ। ਸੁਰੱਖਿਆ, ਰਾਜ ਦੀ ਇਕੋ ਇਕ ਵੱਧ ਰਹੀ ਸੱਨਅਤ ਅਤੇ ਨੌਜਵਾਨਾਂ ਲਈ ਰੋਜ਼ਗਾਰ ਦਾ ਇਕੋ ਇਕ ਸਭ ਤੋਂ ਵੱਡਾ ਸਾਧਨ ਬਣ ਗਈ। ਇਹ 1984 ਵਿਚ ਓਪਰੇਸ਼ਨ ਬਲਿਊਸਟਾਰ ਤੋਂ ਥੋੜ੍ਹਾ ਜਿਹਾ ਚਿਰ ਪਹਿਲਾਂ ਸ਼ੁਰੂ ਹੋਈ ਪਰੰਤੂ ਸੁਰੱਖਿਆ ਸ਼ਕਤੀ ਅਤੇ ਬਜਟ ਵਿਚ ਨਾਟਕੀ ਵਾਧਾ ਕੇਵਲ ਉਦੋਂ ਹੀ ਸ਼ੁਰੂ ਹੋਇਆ ਜਦੋਂ ਦਰਬਾਰਾ ਸਿੰਘ ਦੀ ਕਾਂਗਰਸ ਸਰਕਾਰ ਤੋੜ ਦਿੱਤੀ ਗਈ ਸੀ ਅਤੇ ਰਾਸ਼ਟਰਪਤੀ ਸ਼ਾਸਨ ਲਾਗੂ ਕਰ ਦਿੱਤਾ ਗਿਆ ਸੀ।

ਅਕਾਲੀ ਸਰਕਾਰ ਦੇ ਸਮੇਂ (1985-86) ਸੁਰੱਖਿਆ ਦੀ ਭਰਤੀ ਘੱਟ ਹੋਈ ਜੋ ਕਿ ਹੌਲੀ-ਹੌਲੀ ਵੱਧਣ ਲੱਗ ਪਈ ਪਰੰਤੂ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਦੇ ਬਦਕਿਸਮਤ ਰਾਜ ਦੇ ਆਖਰੀ ਮਹੀਨਿਆਂ ਤਕ ਭਰਤੀ, ਸੁਰੱਖਿਆ ਤਾਇਨਾਤ ਕਰਨ ਅਤੇ ਬਜਟ ਅੰਕੜਿਆਂ ਵਿਚ ਫਿਰ ਵਾਧਾ ਹੋਣਾ ਸ਼ੁਰੂ ਹੋ ਗਿਆ।

ਪੰਜਾਬ ਪੁਲਿਸ ਫੌਜ ਦੇ ਓਪਰੇਸ਼ਨ ਬਲਿਊਸਟਾਰ ਅਤੇ ਵੱਡਰੋਜ਼ ਤੋਂ ਤੁਰਤ ਪਹਿਲਾਂ ਹਾਲਾਤ ਨਾਲ ਜੂਝ ਪਈ। ਉਸ ਦੀ "ਹਾਸੋ-ਹੀਣੀ ਕਾਰਵਾਈ" ਦਾ ਪ੍ਰੈਸ ਵਿਚ ਉਸ ਵੇਲੇ ਮਖੌਲ ਉਡਾਇਆ ਗਿਆ ਜਦੋਂ ਜਰਨੈਲ ਸਿੰਘ ਭਿੰਡਰਾਂਵਾਲਾ, ਹਰਿਆਣਾ ਵਿਚ ਚੌਂਕ ਮਹਿਤਾ ਵਿਖੇ ਆਪਣੇ ਹੈੱਡਕੁਆਟਰ ਤੋਂ 200 ਤੋਂ ਵੱਧ ਮੀਲ ਦੂਰ ਚੰਦੋ ਕਲਾਂ ਪਿੰਡ ਵਿਚ ਉਨ੍ਹਾਂ (ਪੁਲਿਸ) ਕੋਲੋਂ ਉਨ੍ਹਾਂ ਦੀ ਕਿਸੇ ਵੀ ਕਾਰਵਾਈ ਬਿਨਾਂ ਬਚ ਨਿਕਲੇ। ਉਨ੍ਹਾਂ (ਪੁਲਿਸ) ਦੀ ਉਦੋਂ ਵੀ ਖਿੱਲੀ ਉਡਾਈ ਗਈ ਜਦੋਂ ਉਹ ਭਿੰਡਰਾਂਵਾਲਿਆਂ ਨੂੰ ਚੌਂਕ ਮਹਿਤਾ ਤੋਂ ਗਿਰਫਤਾਰ ਕਰਨ ਲਈ ਗਏ ਅਤੇ ਸੰਤਾਂ ਨੇ ਫਿਰ ਉਨ੍ਹਾਂ ਨਾਲ ਡਰਾਮਾ ਖੇਡਿਆ।

ਬਲਿਊਸਟਾਰ ਅਤੇ ਵੁੱਡਰੋਜ਼ ਤੋਂ ਬਾਅਦ ਕਾਨੂੰਨ ਅਤੇ ਵਿਵਸਥਾ ਬਣਾਈ ਰੱਖਣ ਦਾ ਕੰਮ ਫਿਰ ਇਕੱਲੇ ਪੰਜਾਬ ਪੁਲਿਸ ਦੇ ਹੱਥਾਂ ਵਿਚ ਦੇ ਦਿੱਤਾ ਗਿਆ ਪਰੰਤੂ ਫੌਜੀ ਕਾਰਵਾਈ ਨੇ ਪੰਜਾਬ ਦੇ ਲੋਕਾਂ ਨੂੰ ਭੂੰਡਾਂ ਦੀ ਖੱਖਰ ਵਾਂਗੂੰ ਛੇੜ ਲਿਆ ਅਤੇ - ਸੰਸਾਰ ਵਿਚ ਮਨਮਾਨੀ ਕਰਨ ਦੀ ਇਕ ਮਿਸਾਲ

ਕਾਇਮ ਕਰ ਦਿੱਤੀ - ਪੰਜਾਬ ਪੁਲਿਸ ਨੇ ਆਪਣੇ ਓਪਰੇਸ਼ਨਾਂ, (ਪੁਲਿਸ ਕਾਰਵਾਈਆਂ) ਜਿਨ੍ਹਾਂ ਵਿਚ ਬਹੁਤ ਸਾਰੀਆਂ ਜਾਨਾਂ ਗਈਆਂ ਸਨ, ਦੇ ਸਿੱਟਿਆਂ ਨਾਲ ਨਜਿੱਠਣ ਲਈ ਆਪਣੀ ਮੈਨਪਾਵਰ, ਮਾਹਰ ਵਿਅਕਤੀ ਅਤੇ ਸਾਜ਼ੋ-ਸਾਮਾਨ ਗੁਵਾ ਲਿਆ ਅਤੇ ਆਮ ਲੋਕਾਂ ਵਿਚ ਬੇਹੱਦ ਵੱਖਰੇਪਣ ਦਾ ਬੀਜ ਬੋ ਦਿੱਤਾ।

ਸਭ ਤੋਂ ਵੱਡੀ ਸਮੱਸਿਆ ਸੀ ਪੰਜਾਬ ਪੁਲਿਸ ਦੀ "ਮਨ-ਮਾਨੀ"। ਇਹ ਸੱਚਾਈ ਹੈ ਕਿ ਕਿਸੇ ਵਿਅਕਤੀ ਨੂੰ ਵਰਦੀ ਪਵਾਉਣ ਨਾਲ ਉਹ ਕਈ ਪੱਖਾਂ ਤੋਂ ਤਾਂ ਬਦਲ ਜਾਂਦਾ ਹੈ ਪਰੰਤੂ ਉਸਦੇ ਕੁਝ ਪੱਖ ਅਜਿਹੇ ਹਨ ਜਿਹੜੇ ਬਦਲ ਨਹੀਂ ਸਕਦੇ। ਪੰਜਾਬ ਪੁਲਿਸ ਦੀ ਵਰਦੀ ਵਿਚ ਬਹੁਤੇ ਵਿਅਕਤੀ ਆਪਣੇ ਆਪ ਨੂੰ ਪਹਿਲਾਂ ਸਿੱਖ ਸਮਝਦੇ ਹਨ - ਜਾਂ ਭਾਰਤੀ ਸੰਵਿਧਾਨ ਨੂੰ ਪਹਿਲਾਂ ਮੰਨਣ ਵਾਲੇ - ਜਾਂ ਆਪਣੇ ਲੰਬੇ ਭਵਿੱਖ ਲਈ ਆਪਣੇ ਆਪ ਨੂੰ ਇਕ ਸਾਧਾਰਨ ਵਿਅਕਤੀ ਸਮਝਦੇ ਹਨ ਅਤੇ ਆਪਣੀ ਸੁਰੱਖਿਆ ਬਾਰੇ ਪਹਿਲਾਂ ਸੋਚਦੇ ਹਨ।

ਕੇਂਦਰ ਨੇ ਦੇਖਿਆ ਕਿ ਪੰਜਾਬ ਪੁਲਿਸ ਰਾਜ ਅੰਦਰ ਨਿੱਘਰ ਰਹੀ ਸਥਿਤੀ ਨਾਲ ਨਿਬੜਨ ਤੋਂ "ਅਸਫਲ" ਹੁੰਦੀ ਜਾ ਰਹੀ ਹੈ। 1985 ਦੇ ਆਖੀਰ ਵਿਚ ਇਹ ਸਪੱਸ਼ਟ ਹੋ ਗਿਆ ਕਿ ਹੁਣ ਸਖ਼ਤ ਕਦਮ ਉਠਾਏ ਜਾਣ ਦੀ ਲੋੜ ਹੈ।

ਸਭ ਤੋਂ ਪਹਿਲਾ ਉਪਾਅ ਇਹ ਕੀਤਾ ਗਿਆ ਕਿ ਮਹਾਰਾਸ਼ਟਰ ਦੇ ਜੇ.ਐਫ. ਰਿਬੈਰੋ ਨੂੰ ਪੁਲਿਸ ਦਾ ਮੁੱਖੀ ਲਗਾਇਆ ਗਿਆ ਜਿਸ ਨੇ ਬੰਬਈ ਵਿਚ ਬਹੁਤ ਹੀ ਸੰਗਠਿਤ ਸਮਗਲਰ ਗਰੋਹਾਂ ਤੇ ਕਾਬੂ ਪਾਉਣ ਲਈ ਆਪਣੇ ਨਿਰਦਈਪੁਣੇ ਵਜੋਂ ਇਕ "ਸੁਪਰ-ਕੌਪ" ਵਜੋਂ ਸ਼ੋਹਰਤ ਕਮਾਈ ਹੋਈ ਸੀ। ਰਿਬੈਰੋ ਕੋਲ ਇਕ ਵਾਧੂ ਯੋਗਤਾ ਵੀ ਸੀ - ਉਹ ਇਹ ਕਿ ਉਹ ਗੋਆ ਦਾ ਕ੍ਰਿਸ਼ਚਅਨ ਸੀ ਅਤੇ ਇਸ ਕਰਕੇ ਉਸ ਤੇ ਪੰਜਾਬ ਦੇ ਹਿੰਦੂਆਂ ਅਤੇ ਸਿੱਖਾਂ ਲਈ ਕੋਈ ਵਿਸ਼ੇਸ਼ ਰਹਿਮ ਕਰਨ ਦਾ ਦੋਸ਼ ਨਹੀਂ ਲਗਾਇਆ ਜਾ ਸਕਦਾ ਸੀ। ਉਸ ਨੇ ਪੁਲਿਸ ਵਿਚ ਅਨੁਸ਼ਾਸਨ ਲਿਆਉਣ ਦੀ ਕੋਸ਼ਿਸ਼ ਕੀਤੀ ਅਤੇ ਇਹ ਉਸਦੇ ਸਮੇਂ ਵਿਚ ਹੋਇਆ ਕਿ ਕੁਝ ਪੁਲਸੀਏ ਲੁਕਣੇ ਸ਼ੁਰੂ ਹੋ ਗਏ। ਪੁਲਿਸ ਵਿਜੀਲੈਂਟਸ ਕਾਇਮ ਕਰਨ ਅਤੇ "ਗੋਲੀ ਬਦਲੇ ਗੋਲੀ" ਨੀਤੀ ਦਾ ਪ੍ਰਚਾਰ ਕਰਨ ਦਾ ਮਾਣ ਵੀ ਉਸ ਨੂੰ ਹੀ ਜਾਂਦਾ ਹੈ।

[ਨੋਟ : ਰਿਬੈਰੋ ਦੇ ਸਮੇਂ ਜਦੋਂ ਉਸ ਨੇ ਅਜੇ ਅਹੁਦਾ ਸੰਭਾਲਿਆ ਹੀ ਸੀ, ਇਕ ਜ਼ਾਤੀ ਤਜਰਬਾ ਕੇਵਲ ਪਰੇਸ਼ਾਨੀ ਹੀ ਨਹੀਂ ਕਰਦਾ ਬਲਕਿ ਇਹ ਵੀ ਦੱਸਦਾ ਹੈ ਕਿ ਪੰਜਾਬ ਪੁਲਿਸ ਦੇ ਅਫ਼ਸਰਾਂ ਨੂੰ ਕਿਵੇਂ ਇਕ ਪਾਸੇ ਕੀਤਾ ਗਿਆ ਅਤੇ ਉਨ੍ਹਾਂ ਦੀ ਢੰਗ ਸਿਰ ਬੇਇੱਜ਼ਤੀ ਕੀਤੀ ਗਈ। ਰਿਬੈਰੋ ਦੇ ਪੂਰਵ-ਅਧਿਕਾਰੀ ਬੀ.ਐਸ. ਦਾਨੇਵਾਲੀਆ ਨੂੰ ਛੁੱਟੀ ਤੇ ਜਾਣ ਲਈ ਮਜਬੂਰ ਕੀਤਾ ਗਿਆ। ਇਸ ਚੀਜ਼ ਨੇ ਉਸ ਵਿਅਕਤੀ ਜਿਹੜਾ ਬਹੁਤ ਕੁਸ਼ਲ ਅਫ਼ਸਰ ਰਿਹਾ

ਸੀ, ਤੇ ਬਹੁਤ ਖ਼ਤਰਨਾਕ ਪ੍ਰਭਾਵ ਪਾਇਆ। ਇਸ ਤਰ੍ਹਾਂ ਦੇ ਵਿਵਹਾਰ ਨੇ ਉਸ ਦਾ ਮਨੋਬਲ ਬਹੁਤ ਜ਼ਿਆਦਾ ਗਿਰਾ ਦਿੱਤਾ।

ਅਸਲ ਵਿਚ ਇਕ ਵਾਕਿਆ ਵਾਪਰਿਆ ਵੀ ਉਦੋਂ ਜਦੋਂ ਬਰਨਾਲਾ, ਇਕ ਸਿੱਖ ਅਤੇ ਇਕ ਅਕਾਲੀ, ਪੰਜਾਬ ਦਾ ਮੁੱਖ ਮੰਤਰੀ ਸੀ, ਇਸ ਕਰਕੇ ਵੀ ਨਮੋਸ਼ੀ ਬਹੁਤ ਜ਼ਿਆਦਾ ਮੰਨੀ ਗਈ। ਬਰਨਾਲਾ ਉਦੋਂ ਕੇਂਦਰ ਦੇ ਭਾਰੀ ਦਬਾਅ ਵਿਚ ਸੀ ਅਤੇ ਕੇਂਦਰ ਦੀ ਰਿਬੈਰੋ ਨੂੰ ਪੰਜਾਬ ਪੁਲਿਸ ਦਾ ਮੁੱਖੀ ਬਣਾਏ ਜਾਣ ਦੀ ਇੱਛਾ ਨੂੰ ਨਾ ਮੰਨਣ ਤੇ ਸ਼ਾਇਦ ਉਸ ਨੂੰ ਆਪਣੇ ਮੰਤਰੀ-ਮੰਡਲ ਤੋਂ ਹੱਥ ਧੋਣੇ ਪੈਂਦੇ।

ਇਕ ਸ਼ਾਮ ਨੂੰ ਇਸ ਪੁਸਤਕ ਦਾ ਲੇਖਕ ਮੁਹਾਲੀ ਨੂੰ ਜਾ ਰਹੀ ਸੜਕ ਦੇ ਕੰਢੇ ਆਪਣੇ ਘਰ ਦੇ ਗੇਟ ਤੇ ਖੜ੍ਹਾ ਸੀ। ਸੀ ਆਰ ਪੀ ਐਫ਼ ਦੇ ਵਿਅਕਤੀਆਂ ਨੇ ਚੰਡੀਗੜ੍ਹ ਨੂੰ ਆ ਰਹੀ ਇਕ ਕਾਰ ਨੂੰ ਤਲਾਸ਼ੀ ਲੈਣ ਲਈ ਰੋਕਿਆ ਪ੍ਰੰਤੂ ਕਾਰ ਦਾ ਡਰਾਈਵਰ ਉਨ੍ਹਾਂ ਵੱਲੋਂ ਗੋਲੀ ਮਾਰ ਕੇ ਮੌਕੇ ਤੇ ਹੀ ਮਾਰ ਦੇਣ ਦੇ ਡਰ ਦੇ ਬਾਵਜੂਦ ਵੀ ਤਲਾਸ਼ੀ ਨਾ ਲੈਣ ਦੀ ਜ਼ਿਦ ਕਰ ਰਿਹਾ ਸੀ।

ਜਿਉਂ ਹੀ ਇਹ ਲਿਖਾਰੀ ਉਸ ਥਾਂ ਤੇ ਗਿਆ ਉਸ ਨੇ ਡਰਾਈਵਰ ਨੂੰ ਪਹਿਚਾਣ ਲਿਆ : ਉਹ ਸੀ ਉਸ ਦਾ ਦੋਸਤ, ਬੀ.ਐਸ. ਧਾਲੀਵਾਲ। ਧਾਲੀਵਾਲ ਸੁਰੱਖਿਆ ਕਰਮਚਾਰੀਆਂ ਨੂੰ ਦੱਸਣਾ ਨਹੀਂ ਸੀ ਚਾਹੁੰਦਾ ਕਿ ਉਹ ਪੰਜਾਬ ਪੁਲਿਸ ਦਾ ਸਾਬਕਾ ਡੀ ਜੀ ਪੀ ਹੈ (ਅਜਿਹਾ ਕਰਨ ਨਾਲ ਬਹੁਤ ਸ਼ਰਮਨਾਕ ਗੱਲ ਹੋਣੀ ਸੀ) ਅਤੇ ਇਸ ਸਿਆਣੇ ਆਦਮੀ ਨੂੰ ਆਖਰ ਸੁਰੱਖਿਆ ਕਰਮਚਾਰੀਆਂ ਅੱਗੇ ਝੁਕਣਾ ਪਿਆ, ਸਿਰਫ ਇਸ ਕਰਕੇ ਕਿਉਂਕਿ ਉਹ ਇਕ ਸਿੱਖ ਸੀ। ਉਸ ਦੀ ਪਤਨੀ ਮਾਯੂਸੀ ਨਾਲ ਉਸ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕਰ ਰਹੀ ਸੀ ਅਤੇ ਸੁਰੱਖਿਆ ਕਰਮਚਾਰੀਆਂ ਨੂੰ ਦਲੀਲ ਨਾਲ ਸਮਝਾ ਰਹੀ ਸੀ। ਇਸ ਲੇਖਕ ਦੁਆਰਾ ਪੰਜਾਬ ਵਿਧਾਨ ਸਭਾ ਦੇ ਮੈਂਬਰ ਹੋਣ ਵਜੋਂ ਆਪਣਾ ਸ਼ਨਾਖ਼ਤੀ ਕਾਰਡ ਦਿਖਾਉਣ ਤੇ ਮਾਮਲਾ ਮੁਸ਼ਕਲ ਨਾਲ ਸੁਲਝਿਆ। ਇਹ ਸ਼ਾਇਦ ਪਹਿਲੀ ਵਾਰ ਹੋਇਆ ਕਿ ਪੰਜਾਬ ਪੁਲਿਸ ਦੇ ਡਾਇਰੈਕਟਰ-ਜਨਰਲ ਨੂੰ ਇਕ ਐਮ ਐਲ ਏ ਨੇ ਰਿਹਾਅ ਕਰਵਾਇਆ।

ਕੁਝ ਮਹੀਨਿਆਂ ਬਾਅਦ, ਧਾਲੀਵਾਲ ਦਿੱਲੀ ਚਲਾ ਗਿਆ ਪਰੰਤੂ ਉਥੇ ਉਸ ਦਾ ਮਨੋਬਲ ਏਨਾ ਗਿਰ ਗਿਆ ਕਿ ਉਸ ਨੇ ਆਤਮ-ਹੱਤਿਆ ਕਰ ਕੇ ਆਪਣੇ ਆਪ ਨੂੰ ਖ਼ਤਮ ਕਰ ਲਿਆ।]

*ਡੀਜੀਪੀ ਜਿਸਨੇ ਹਰ ਢੰਗ ਇਸਤਮਾਲ ਕੀਤਾ*

ਰਿਬੈਰੋ ਤੋਂ ਬਾਅਦ ਕੇ.ਪੀ.ਐਸ. ਗਿੱਲ ਨੂੰ ਆਸਾਮ ਕਾਡਰ ਤੋਂ ਇਥੇ ਲਿਆਂਦਾ ਗਿਆ ਜਿਹੜਾ ਆਸਾਮੀ ਲਹਿਰ ਨੂੰ ਠੱਲ ਪਾਉਣ ਲਈ ਮਸ਼ਹੂਰ ਸੀ। ਆਸਾਮ ਵਿਚ ਅਜੇ ਕੇਸ ਉਸ ਕੋਲ ਪੈਂਡਿੰਗ ਸਨ ਜਦੋਂ ਉਸ ਨੂੰ ਪੰਜਾਬ ਵਿਚ ਭੇਜ ਦਿੱਤਾ ਗਿਆ।

ਡੀ ਜੀ ਪੀ ਵਜੋਂ "ਕਾਨੂੰਨੀ ਸਮੱਸਿਆ" ਨੂੰ ਹੱਲ ਕਰਨ ਦੀ ਉਸ ਦੀ "ਪ੍ਰਾਪਤੀ" ਮਹੱਤਵਪੂਰਣ ਸੀ : ਉਸ ਨੇ ਕੇਂਦਰ ਸਰਕਾਰ ਨੂੰ ਪ੍ਰੇਰਿਆ ਕਿ ਇਹ ਨਿਯਮ ਬਣਾਇਆ ਜਾਵੇ ਕਿ ਜਿਹੜੇ ਪੁਲਿਸ ਅਫ਼ਸਰ ਸਰਕਾਰ ਦੇ ਹੁਕਮਾਂ ਨੂੰ ਲਾਗੂ ਕਰਦੇ ਹਨ ਉਨ੍ਹਾਂ ਨੂੰ ਉਤਰਾਧਿਕਾਰ ਸਰਕਾਰ ਦੁਆਰਾ ਉਨ੍ਹਾਂ ਦੇ ਕੰਮਾਂ ਬਦਲੇ ਪੇਸ਼ਾਵਾਰਾਨਾ ਸਜ਼ਾ ਨਾ ਦਿੱਤੀ ਜਾਵੇ।

ਆਪਣੀ ਇਸ ਦਲੀਲ ਨੂੰ ਸਿਰੇ ਚੜ੍ਹਾਉਣ ਲਈ ਉਸ ਨੇ ਲੋੜੀਂਦੇ ਅੱਤਵਾਦੀਆਂ ਨੂੰ ਮਾਰਨ ਜਾਂ ਪਕੜਨ ਲਈ ਪੁਲਿਸ ਵਾਸਤੇ ਕੇਂਦਰ ਪਾਸੋਂ ਇਨਾਮਾਂ ਦਾ ਐਲਾਨ ਕਰਵਾਇਆ। ਇਹ ਇਕ ਹੋਰ ਮਾਮਲਾ ਹੈ ਕਿ "ਚਾਹੀਦੇ ਆਦਮੀਆਂ" ਦੀ ਸੂਚੀ ਕਦੀ ਲੋਕਾਂ ਸਾਹਮਣੇ ਪੇਸ਼ ਨਹੀਂ ਕੀਤੀ ਗਈ।

ਵੀ.ਐਨ. ਨਾਰਾਇਣਨ ਦੇ ਸ਼ਬਦਾਂ ਵਿਚ ("**ਟਰਾਈਸਟ ਵਿਦ ਟੈਰਰ**", ਪੰਨਾ 64) "ਦੋ ਲਾਭਾਂ (ਬੋਨਸਿਜ਼) ਨੇ ਪੁਲਿਸ ਨੂੰ, ਡੀ.ਜੀ.ਪੀ. ਨੂੰ ਜਵਾਬਦੇਹ ਬਣਾ ਦਿੱਤਾ ਅਤੇ ਡੀ.ਜੀ.ਪੀ. ਕਿਸੇ ਨੂੰ ਜਵਾਬਦੇਹ ਨਹੀਂ ਸੀ।"

ਜੇਕਰ ਗਿੱਲ ਦੀ ਕੋਈ ਡਾਇਰੀ ਹੋਵੇ ਤਾਂ ਇਸ ਨੂੰ ਪੁਲਿਸ ਦੀਆਂ ਚਾਲਾਂ, ਕਾਨੂੰਨੀ ਜਾਂ ਗੈਰ-ਕਾਨੂੰਨੀ, ਦੇ ਸਹੀ ਮਹਾਨ-ਕੋਸ਼ ਵਜੋਂ ਛਪਵਾਇਆ ਜਾ ਸਕਦਾ ਹੈ। ਉਸ ਨੇ ਹਰ ਇਕ ਚੀਜ਼ ਦੀ ਵਰਤੋਂ ਕੀਤੀ।

ਇਕ ਹੋਰ "ਲਾਲਸਾ" (ਕੈਰਟ) ਸੀ - ਵੱਡੀ ਪੱਧਰ ਤੇ ਬਿਨ ਵਾਰੀ ਤਰੱਕੀਆਂ ਅਤੇ ਨਕਦ ਇਨਾਮ ਦਿੱਤੇ ਜਾਂਦੇ ਸਨ। ਜਾਤ ਦੇ ਆਧਾਰ ਤੇ "ਵੰਡੋ ਅਤੇ ਰਾਜ ਕਰੋ" ਦੀ ਨੀਤੀ ਸੀ। ਉਸ ਨੇ ਇਸ ਚੀਜ਼ ਦੀ ਵਰਤੋਂ ਨਾ ਕੇਵਲ ਪੁਲਿਸ ਰੈਂਕਾਂ ਵਿਚ ਹੀ ਕੀਤੀ ਬਲਕਿ ਅੱਤਵਾਦੀਆਂ ਦਾ ਲੇਖਾ ਨਹੀਂ ਰੱਖਿਆ। (ਉਮੀਦ ਕੀਤੇ ਗਏ ਨਤੀਜੇ ਦੀ ਬਜਾਏ, ਉਸ ਚਾਲ ਨੇ ਕੁਝ ਪੁਲਿਸ ਵਾਲਿਆਂ ਨੂੰ ਉਸ ਦੇ ਵਿਰੁੱਧ ਕਰ ਦਿੱਤਾ ਅਤੇ ਉਨ੍ਹਾਂ ਨੇ ਉਸ ਨੂੰ (ਗਿੱਲ) ਥੱਲੇ ਲਾਹੁਣ ਲਈ ਅੱਤਵਾਦੀਆਂ ਨੂੰ ਵਾਧੂ ਪ੍ਰਾਪੇਗੰਡਾ ਕਰਨ ਦਾ ਹਥਿਆਰ ਦਿੱਤਾ।)

ਫਿਰ ਉਸ ਨੇ ਵਰਦੀ ਦਾ ਡਿਜ਼ਾਈਨ ਬਦਲਣ ਦਾ ਡਰਾਮਾ ਰਚਿਆ : ਪੰਜਾਬ ਪੁਲਿਸ ਕਮਾਂਡੋਜ਼ ਚਾਹੇ ਹਿੰਦੂ ਜਾਂ ਸਿੱਖ ਹੋਵੇ, ਸਭ ਨੂੰ ਦਾੜ੍ਹੀਆਂ ਵਧਾਉਣ ਲਈ ਹੁਕਮ ਦਿੱਤੇ (ਇਸ ਦਾ ਮਤਲਬ ਸਾਰਿਆਂ ਨੂੰ ਸਿੱਖਾਂ ਵਰਗੇ ਬਣਾਉਣਾ ਸੀ) ਅਤੇ ਇਸ ਦੇ ਨਾਲ ਹੀ ਉਸਨੇ ਸਿੱਖ ਕਮਾਂਡੋਜ਼ ਨੂੰ ਪੱਗਾਂ ਨਾ ਬੰਨ੍ਹਣ ਦਾ ਹੁਕਮ ਦਿੱਤਾ ਅਤੇ ਸਾਰੇ ਕਮਾਂਡੋਜ਼ ਨੂੰ ਆਪਣੇ ਸਿਰਾਂ ਤੇ ਢਿੱਲੇ ਪਟਕੇ ਬਨ੍ਹਣ ਦਾ ਹੁਕਮ ਦਿੱਤਾ ਜਿਨ੍ਹਾਂ ਦੇ ਲੜ ਸਿਰ ਦੇ ਦੋਹੀਂ ਪਾਸੀਂ ਲਮਕਦੇ ਹੋਣ - ਉਹ ਵੇਖਣ ਵਿਚ ਕੁਝ ਗੁਰੀਲਾ-ਕਾਰਵਾਈ ਵਾਲੀ ਫਿਲਮ, ਜਿਹੜੀ ਗਿੱਲ ਨੇ ਜ਼ਰੂਰ ਦੇਖੀ ਹੋਵੇਗੀ, ਵਿਚਲੇ ਸੀਨ ਵਰਗੇ ਬਣਾ ਦਿੱਤੇ।

ਸਪੱਸ਼ਟੀਕਰਨ ਇਹ ਸੀ ਕਿ ਇਸ ਵਰਦੀ ਜਾਂ ਵੇਸ ਨਾਲ ਅਚਾਨਕ ਦੇਖਣ ਵਾਲੇ ਨੂੰ ਆਦਮੀ ਦੀ ਪਹਿਚਾਣ ਕਰਨੀ ਔਖੀ ਹੋ ਜਾਵੇਗੀ। ਇਸ ਤਰ੍ਹਾਂ ਉਨ੍ਹਾਂ ਤੋਂ ਹਮਲੇ ਦੀ ਉਮੀਦ ਘੱਟ ਹੁੰਦੀ ਹੈ। (ਇਸ ਨਾਲ ਅਚਾਨਕ ਦੇਖਣ ਵਾਲੇ ਲਈ ਇਹ ਪਹਿਚਾਣ ਕਰਨ ਲਈ ਲੰਬਾ ਚਿਰ ਲੱਗਣ ਦੇ ਆਸਾਰ

ਹੋਣਗੇ ਕਿ ਕੌਣ ਕੌਣ ਹੈ : ਪੁਲਿਸ ਵਿਜੀਲੈਂਟਸ ਅੱਤਵਾਦੀਆਂ ਦੀ ਤਰ੍ਹਾਂ ਬਹੁਰੂਪੀਏ ਲੱਗਣਗੇ, ਅੱਤਵਾਦੀ ਪੁਲਿਸ ਵਾਲਿਆਂ ਵਾਂਗੂੰ ਬਹੁਰੂਪੀਏ ਲੱਗਣਗੇ। ਅਨੋਖੀ ਪੁਸ਼ਾਕ ਵਾਲੇ ਕਮਾਂਡੋਜ਼ ਫੈਂਸੀ ਡਰੈਸ ਪਰੇਡ ਵਿਚ ਵੀ ਇਕ ਹੋਰ ਤੱਤ ਸ਼ਾਮਲ ਕੀਤਾ ਗਿਆ ਸੀ।)

ਜਦੋਂ ਕਿਸੇ ਵੀ ਢੰਗ ਨੇ ਕੰਮ ਨਾ ਕੀਤਾ, ਗਿੱਲ ਨੇ ਆਪਣੇ ਹੀ ਸੀਨੀਅਰ ਅਫ਼ਸਰਾਂ ਵਿਚ ਵਿਸ਼ਵਾਸ ਗੁਵਾ ਲਿਆ ਅਤੇ ਕਮਾਂਡੋ ਦੀ ਸਥਾਪਤ ਕੜੀ ਨੂੰ ਬਾਈਪਾਸ ਕਰਨ ਦਾ ਸਹਾਰਾ ਲਿਆ। ਉਸ ਨੇ ਜੂਨੀਅਰ ਰੈਂਕਸ ਦੇ ਅਫ਼ਸਰਾਂ, ਜਿਵੇਂ ਐਸ.ਐਸ.ਪੀਜ਼., ਡੀ.ਐਸ.ਪੀਜ਼. ਨੂੰ ਵੀ ਸਿੱਧੀਆਂ ਹਦਾਇਤਾਂ ਜਾਰੀ ਕਰ ਦਿੱਤੀਆਂ ਅਤੇ ਉਨ੍ਹਾਂ ਨੂੰ ਅੱਤਵਾਦੀਆਂ ਜਾਂ ਜਿਸ ਕਿਸੇ ਹੋਰ ਨੂੰ ਜ਼ਰੂਰੀ ਸਮਝਣ, ਨਾਲ ਨਜਿੱਠਣ ਲਈ ਪੁਲਿਸ ਤੋਂ ਬਾਹਰੋਂ ਭਰਤੀ ਕੀਤੇ ਹਿੱਟ ਸਕੁਐਡਜ਼ ਦੀ ਵਰਤੋਂ ਕਰਨ ਦੀ ਆਗਿਆ ਦੇ ਦਿੱਤੀ। ਇਸ ਤੋਂ ਗਿੱਲ ਦਾ ਮਤਲਬ ਸੀ ਕਿ ਉਸ ਨੇ ਉਨ੍ਹਾਂ ਨੂੰ “ਮਨਮਾਨੀ ਕਰਨ” ਦੀ ਆਗਿਆ ਦੇ ਦਿੱਤੀ ਹੈ - ਪੰਜਾਬ ਪੁਲਿਸ ਉਨ੍ਹਾਂ ਲਈ ਠੇਕੇ ਤੇ ਲਈ ਨਿੱਜੀ ਨੌਕਰਾਂ ਵਾਂਗੂੰ ਬਣਾ ਦਿੱਤੀ।

ਪੁਲਿਸ ਵਿਚ ਰਾਜ ਦੇ ਬਾਹਰੋਂ ਬੰਦੇ ਲਿਆਉਣ ਦੀ ਪ੍ਰਥਾ ਨਵੀਆਂ ਸਿਖਰਾਂ ਤੇ ਪਹੁੰਚ ਗਈ। ਨਾ ਕੇਵਲ ਸੀਨੀਅਰ ਹੀ ਲਿਆਂਦੇ ਗਏ ਬਲਕਿ ਜੂਨੀਅਰ ਅਹੁਦਿਆਂ ਦੇ ਕਰਮਚਾਰੀ ਵੀ ਭਾਰੀ ਗਿਣਤੀ ਵਿਚ “ਮੰਗਵਾਏ” ਗਏ। ਪ੍ਰਾਂਤਿਕ ਪੁਲਿਸ ਸੇਵਾ ਲਈ ਉਮੀਦਵਾਰਾਂ ਦੀ ਚੋਣ ਵਿਚ ਨੀਮ ਫੌਜੀ ਬਲਾਂ ਵਿਚੋਂ ਬੰਦੇ ਲੈਣ ਦਾ ਕੋਟਾ ਵੀ ਸ਼ਾਮਲ ਕੀਤਾ ਗਿਆ। ਇਸ ਦਾ ਅਸਰ ਤਰੱਕੀਆਂ ਰੋਕਣ ਤੇ ਪਿਆ। ਪੰਜਾਬ ਪੁਲਿਸ ਦੇ ਅਫ਼ਸਰਾਂ ਅਤੇ ਕਰਮਚਾਰੀਆਂ ਵਿਚ ਇਸ ਦਾ ਬਹੁਤ ਵਿਰੋਧ ਹੋਇਆ ਪਰ ਉਹ ਵਿਅਰਥ ਸੀ।

ਪੰਜਾਬ ਪੁਲਿਸ ਨੂੰ ਪ੍ਰੋਤਸਾਹਨ ਦੇਣ ਲਈ ਗਿੱਲ ਦੀ ਸਫ਼ਲਤਾ ਦਾ 1994 ਵਿਚ ਟੈਲੀਵੀਜ਼ਨ ਭੇਂਟ ਕਰਨ ਸਮੇਂ ਉਸ ਦੇ ਬਿਆਨ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਉਸ ਨੇ ਕਿਹਾ ਕਿ ਉਸ ਨੇ ਆਪਣੀ ਨਿੱਜੀ ਸੁਰੱਖਿਆ ਲਈ ਵੀ ਪੰਜਾਬ ਪੁਲਿਸ ਦੇ ਬੰਦਿਆਂ ਦੀ ਵਰਤੋਂ ਨਹੀਂ ਕੀਤੀ।

*ਤਾਇਨਾਤ ਕਰਨਾ (ਡਿਪਲਾਇਮੈਂਟ)*

ਤਾਇਨਾਤ ਕਰਨ ਦਾ ਪੱਧਰ ਹੌਲੀ-ਹੌਲੀ ਏਨਾਂ ਵੱਧ ਗਿਆ ਕਿ ਓਪਰੇਸ਼ਨ ਬਲਿਊਸਟਾਰ ਸਮੇਂ ਤਕ ਰਾਜ ਵਿਚ ਸੁਰੱਖਿਆ ਕਰਮਚਾਰੀਆਂ (ਫੌਜੀ ਗਿਣਤੀ ਤੋਂ ਇਲਾਵਾ) ਦੀ ਗਿਣਤੀ ਪੰਜ ਲੱਖ ਹੋ ਗਈ। (15 ਤੋਂ 60 ਸਾਲਾਂ ਦੀ ਉਮਰ ਵਾਲੇ ਸਿੱਖਾਂ ਦੀ ਕੁੱਲ ਸੰਖਿਆ ਸਿਰਫ 30 ਲੱਖ ਦੇ ਕਰੀਬ ਹੈ।)

ਇਨ੍ਹਾਂ ਦੀ ਏਨੀ ਵੱਡੀ ਗਿਣਤੀ ਨੇ ਜਗ੍ਹਾ ਦੀ ਸਮੱਸਿਆ ਖੜ੍ਹੀ ਕਰ ਦਿੱਤੀ। ਇਨ੍ਹਾਂ ਵਾਸਤੇ ਲਗਭਗ ਸਾਰੇ ਸਕੂਲਾਂ ਅਤੇ ਸਟੇਡੀਅਮਾਂ ਤੇ ਕਬਜ਼ਾ

ਕਰ ਲਿਆ ਗਿਆ। ਇਨ੍ਹਾਂ ਅਨੋਖੀ ਕਿਸਮ ਦੇ ਪੁਲਿਸ ਵਾਲਿਆਂ ਦੁਆਰਾ ਲੜਕੀਆਂ ਦੇ ਨੇੜੇ ਆਉਣ ਦੇ ਸਿੱਟਿਆਂ ਡਰੋਂ ਬਹੁਤੇ ਮਾਪਿਆਂ ਨੇ ਆਪਣੀਆਂ ਲੜਕੀਆਂ ਸਕੂਲਾਂ ਤੋਂ ਹਟਾ ਲਈਆਂ।

[ਨੋਟ : ਸੰਗਰੂਰ ਦੇ ਸੁਨਾਮ ਬਲਾਕ ਦੇ ਬੰਗਾ, ਬਸਰਾ, ਸੀਹਾਂਸਿੰਘਵਾਲਾ, ਬਹਾਦੁਰਗੜ੍ਹ ਦੇ ਲੋਕਾਂ ਨੇ ਬੰਗਾ ਹਾਈ ਸਕੂਲ ਜਿਥੇ ਸੀ ਆਰ ਪੀ ਐਫ਼ ਅਤੇ ਪੰਜਾਬ ਪੁਲਿਸ ਦੇ ਕਮਾਂਡੋਜ਼ ਦੀਆਂ ਦੋ ਪਲਟਨਾਂ ਠਹਿਰਾਈਆਂ ਹੋਈਆਂ ਸਨ, ਤੋਂ 80 ਪ੍ਰਤਿਸ਼ਤ ਮਾਪਿਆਂ ਨੇ ਆਪਣੀਆਂ ਲੜਕੀਆਂ ਪੜ੍ਹਨੋਂ ਹਟਾ ਲਈਆਂ।]

ਕਈ ਪ੍ਰਾਈਵੇਟ ਘਰਾਂ ਵਿਚ ਕਮਾਂਡੋਜ਼ ਠਹਿਰਾਏ ਗਏ ਅਤੇ ਹਰ ਵਹਿਲੀਆਂ ਪਈਆਂ ਥਾਵਾਂ ਤੇ ਤੰਬੂ ਲਗਾ ਦਿੱਤੇ ਗਏ ਸਨ।

ਅੱਤਵਾਦ ਵਿਰੁੱਧ ਲੜਨ ਲਈ ਵਰਤੋਂ ਵਿਚ ਲਿਆਂਦੇ ਗਏ ਵੱਖ-ਵੱਖ ਤੱਤਾਂ ਦਾ ਵੇਰਵਾ ਹੇਠਾਂ ਦਿੱਤਾ ਗਿਆ ਹੈ : -

i. ਪੰਜਾਬ ਪੁਲਿਸ -
ਇਸ ਬਲ ਦੀ ਗਿਣਤੀ 55,000 ਤੋਂ ਵਧਾ ਕੇ 70,000 ਕਰ ਦਿੱਤੀ ਗਈ।

ii. ਹੋਮ ਗਾਰਡਜ਼ -
25,000

iii. ਸਪੈਸ਼ਲ ਪੁਲਿਸ ਅਫ਼ਸਰ -
ਇਹ ਕੱਚੀ ਭਰਤੀ ਸਨ। ਇਹ ਪੁਲਿਸ ਵਿਭਾਗ ਦੇ ਪੱਕੇ ਕਰਮਚਾਰੀ ਨਹੀਂ ਹਨ। ਉਨ੍ਹਾ ਨੂੰ ਵੀ ਆਈ ਪੀਜ਼ ਦੇ ਸੁਰੱਖਿਆ ਗਾਰਡਾਂ ਅਤੇ ਸਰਗਰਮੀਆਂ ਲੁਕਾਉਣ ਦਾ ਧਿਆਨ ਰੱਖਣ ਦਾ ਕੰਮ ਸੌਂਪਿਆ ਗਿਆ ਸੀ ਅਤੇ ਕਈਆਂ ਨੂੰ ਵਿਦਿਅਕ ਸੰਸਥਾਵਾਂ ਵਿਚ ਉਥੇ ਵਿਦਿਆਰਥੀਆਂ ਦੀਆਂ ਸਰਗਰਮੀਆਂ ਤੇ ਨਿਗ੍ਹਾ ਰੱਖਣ ਲਈ ਭੇਜਿਆ ਜਾਂਦਾ ਸੀ : 40,000.

iv. ਪੁਲਿਸ ਵਿਜੀਲੈਂਟਸ ਅਤੇ ਇੰਟੈਲੀਜੈਂਸੀ ਕਰਮਚਾਰੀ -
ਅੰਦਾਜ਼ਨ : 10,000.

ਪੁਲਿਸ ਵਿਜੀਲੈਂਟਸ, ਸਿੱਖਾਂ ਵਿਰੁੱਧ ਸਰਕਾਰ ਦੁਆਰਾ ਚਲਾਈ ਗਈ ਗੁਪਤ ਕਾਰਵਾਈ ਦਾ ਵਿਸਥਾਰ ਹੈ। ਏਜੰਟ ਉਕਸਾਊਆਂ (agents provocatuers)ਦੀ ਤਰ੍ਹਾਂ ਉਹ 1984 ਵਿਚ ਸਿੱਖ ਸਮੱਸਿਆ ਪੈਦਾ ਹੋਣ ਤੋਂ ਪਹਿਲਾਂ ਹੀ ਸਰਗਰਮ ਸਨ। ਉਨ੍ਹਾਂ ਵਿਚੋਂ ਬਹੁਤਿਆਂ ਨੂੰ ਸਿੱਖਾਂ ਨੇ ਓਪਰੇਸ਼ਨ ਬਲਿਊਸਟਾਰ ਤੋਂ ਪਹਿਲਾਂ 1984 ਵਿਚ ਗੋਲਡਨ ਟੈਂਪਲ ਕੰਪਲੈਕਸ ਤੇ ਕਬਜ਼ਾ ਕਰਨ ਸਮੇਂ ਪਕੜ ਲਿਆ ਸੀ। ਅਧਿਆਇ 7 ਵਿਚ ਇਨ੍ਹਾਂ ਚੌਕਸਾਂ (ਵਿਜੀਲੈਂਟਸ) ਦਾ ਵੇਰਵੇ ਸਹਿਤ ਹਵਾਲਾ ਦਿੱਤਾ ਗਿਆ ਹੈ।

ਡੀ. ਜੀ. ਪੀ. ਰਿਬੈਰੋ ਅਨੁਸਾਰ: "ਪੰਜਾਬ ਵਿਚ ਮੁਜਰਮਾਨਾ ਰੁਝਾਨ ਵਾਲੇ ਕੁਝ ਵਿਅਕਤੀ ਸਨ ਜਿਨ੍ਹਾਂ ਬਾਰੇ ਵੱਖ-ਵੱਖ ਪੱਧਰਾਂ ਤੇ ਪੁਲਿਸ ਅਫ਼ਸਰਾਂ

ਨੂੰ ਪਤਾ ਸੀ। ਉਨ੍ਹਾਂ ਨੂੰ ਪਹੁੰਚ ਕੀਤੀ ਗਈ ਅਤੇ ਉਨ੍ਹਾਂ ਵਿਚੋਂ ਕੁਝ ਇਕ ਦਹਿਸ਼ਤਗਰਦਾਂ ਦਾ ਭੇਸ ਧਾਰਨ ਲਈ ਗਰੁੱਪ ਬਣਾਉਣ ਲਈ ਸਹਿਮਤ ਹੋ ਗਏ। ... ਚਾਹੇ ਇਸ ਨਾਲ ਸਾਨੂੰ ਸ਼ੁਰੂ ਸ਼ੁਰੂ ਵਿਚ ਅੱਛੇ ਨਤੀਜੇ ਮਿਲੇ, ਪ੍ਰੰਤੂ ਇਹ ਇਸ ਕਰਕੇ ਨਹੀਂ ਟਿਕ ਸਕੇ ਕਿਉਂਕਿ ਜਿਹੜੇ ਲੋਕਾਂ ਨੂੰ ਅਸੀਂ ਇਸ ਪਾਸੇ ਲਗਾਇਆ ਸੀ ਉਹ ਭਰਮਾਏ ਜਾ ਸਕਦੇ ਸਨ। ਪੁਲਿਸ ਉਨ੍ਹਾਂ ਨੂੰ ਮਾਲੀ ਅਤੇ ਤਰਕ ਸਬੰਧੀ (ਲੌਗਸਿਟਿਕਲ) ਮਦਦ ਦਿੰਦੀ ਰਹੀ ਪ੍ਰੰਤੂ ਉਨ੍ਹਾਂ ਦੀਆਂ ਮੰਗਾਂ ਇਸ ਹੱਦ ਤੱਕ ਵੱਧ ਗਈਆਂ ਕਿ ਉਨ੍ਹਾਂ ਨੂੰ ਸਾਡੇ ਸਾਧਨਾਂ ਨਾਲ ਸੰਤੁਸ਼ਟ ਕਰਨਾ ਅਸੰਭਵ ਹੋ ਗਿਆ। ਇਸ ਤੋਂ ਇਲਾਵਾ, ਉਹ ਬੜੇ ਲਾਲਚੀ, ਮੁਜਰਮਾਨਾ ਪ੍ਰਵਿਰਤੀ ਵਾਲੇ ਲੋਕ ਸਨ, ਜਿਨ੍ਹਾਂ ਨੇ ਕਾਨੂੰਨ ਦੀ ਪਾਲਣਾ ਕਰਨੀ ਸ਼ੁਰੂ ਕਰ ਦਿੱਤੀ, ਉਹ ਉਸ ਧਾਰਨਾ ਤੇ ਅਮੀਰ ਨਾਗਰਿਕ ਸਨ ਕਿ ਲੋਕ ਉਨ੍ਹਾਂ ਦੇ ਰਿਣੀ ਹੋ ਗਏ ਤੇ ਇਸ ਕਰਕੇ ਉਨ੍ਹਾਂ ਨੂੰ ਰੋਕਣ ਲਈ ਕੁਝ ਨਹੀਂ ਸੀ ਕੀਤਾ ਜਾ ਸਕਦਾ।" ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਦੇ ਦਬਾਅ ਹੇਠ 1998 ਵਿਚ ਪੰਜਾਬ ਪੁਲਿਸ ਦੀ ਰੈਗੂਲਰ ਫੋਰਸ ਵਿਚ 12,000 ਐਸ. ਪੀ. ਓਜ਼. ਭਰਤੀ ਕੀਤੇ। ਐਸ. ਪੀ. ਓਜ਼. ਦੀ ਗੁਪਤ ਭਰਤੀ ਅਜੇ ਵੀ ਜਾਰੀ ਹੈ।

*ਰਾਅ ਦੇ ਗੰਨ-ਰੱਨਰਜ਼ ਅਤੇ ਹੁਕਮ ਦੇਣ ਲਈ ਪੈਦਾ ਕੀਤੀਆਂ ਘਟਨਾਵਾਂ*

ਸਲੀਮ ਮਸੀਹ ਦੇ ਕਾਰਨਾਮਿਆਂ ਬਾਰੇ ਕੰਵਰ ਸੰਧੂ ਦੁਆਰਾ ਜੂਨ 1989 ਦੇ **ਇੰਡੀਆ ਵੀਕ** ਵਿਚ ਦਿੱਤੇ ਗਏ ਲੇਖ ਨੇ ਖੇਡੀ ਜਾ ਗੇਮ ਦਾ ਪਰਦਾ ਫ਼ਾਸ਼ ਕੀਤਾ। 1988 ਵਿਚ ਕੇਂਦਰ ਸਰਕਾਰ ਦੇ ਖੋਜ ਅਤੇ ਵਿਸ਼ਲੇਸ਼ਣ ਵਿੰਗ (ਰਾਅ) ਜੋ ਅਸਲ ਵਿਚ ਇਕ ਖੁਫੀਆ ਏਜੰਸੀ ਹੈ, ਨੇ ਡੇਰਾ ਬਾਬਾ ਨਾਨਕ ਦੇ ਇਕ ਹੰਢੇ ਹੋਏ ਤਸਕਰ ਸਲੀਮ ਮਸੀਹ, ਜਿਸ ਦੀ ਸਰਹਦੀ ਸਰਗਰਮੀਆਂ ਵਿਚ ਸ਼ਾਮਲ ਕਰਨ ਲਈ ਕਈ ਏਜੰਸੀਆਂ ਵਲੋਂ ਬਹੁਤ ਮੰਗ ਸੀ, ਨੂੰ ਗੰਢਿਆ। ਅਗਸਤ, 1983 ਵਿਚ, ਬਲਿਊਸਟਾਰ ਤੋਂ ਪਹਿਲਾਂ ਮਸੀਹ ਨੂੰ ਪਾਕਿਸਤਾਨੀ ਫੀਲਡ ਇੰਟੈਲੀਜੈਂਸੀ ਨੂੰ ਭੇਦ ਦੇਣ ਲਈ ਪੰਜ ਵਾਰ ਪਾਕਿਸਤਾਨ ਭੇਜਿਆ ਗਿਆ ਸੀ। ਬਲਿਊਸਟਾਰ ਤੋਂ ਤੁਰਤ ਬਾਅਦ ਉਸ ਨੇ ਪਾਕਿਸਤਾਨ ਵਿਚ ਇਕ ਮਿਸ਼ਨ ਲਈ ਭਾਰਤੀ ਫੌਜ ਦੇ 8 ਕਰਮਚਾਰੀਆਂ ਦੀ ਅਗਵਾਈ ਕੀਤੀ। ਠੀਕ ਅਪ੍ਰੈਲ 13, 1989 ਤਕ, ਜਦੋਂ ਸੀਮਾ ਸੁਰੱਖਿਆ ਬਲ ਨੇ ਮਸੀਹ ਅਤੇ ਉਸ ਦੀ ਗੈਂਗ ਦੇ ਪੰਜ ਹੋਰਨਾਂ ਨੂੰ ਪਕੜ ਲਿਆ। ਮਸੀਹ ਨੇ ਰਾਅ ਵਿਚ ਨੌਕਰੀ ਜਾਰੀ ਰੱਖੀ। ਉਸ ਨੇ ਬੀ ਐਸ ਐਫ ਦੇ ਪੁੱਛ-ਗਿੱਛ ਕਰਤਾ ਨੂੰ ਦੱਸਿਆ ਕਿ ਇਕੱਲੇ 1988 ਵਿਚ ਉਸ ਨੇ ਹਰ ਮਹੀਨੇ ਕਈ ਵਾਰ ਸਰਹੱਦ ਪਾਰ ਕੀਤੀ ਅਤੇ ਵਾਪਸ ਆਉਂਦਿਆਂ ਪਾਕਿਸਤਾਨ ਤੋਂ ਆਟੋਮੈਟਿਕ ਹਥਿਆਰ ਜਿਵੇਂ ਏ ਕੇ-47 ਰਾਈਫਲਾਂ ਅਤੇ ਗੋਲੀ-ਸਿੱਕੇ ਦੇ ਹਜ਼ਾਰਾਂ ਰੌਂਦ ਅਤੇ ਹੋਰ ਹਥਿਆਰ ਲਿਆਂਦੇ।

ਬੀ ਐਸ ਐਫ ਨੇ ਸੰਧੂ ਨੂੰ ਦੱਸਿਆ ਕਿ ਉਨ੍ਹਾਂ ਕੋਲ ਅਜੇ ਕੋਈ ਸਬੂਤ ਨਹੀਂ ਹੈ ਕਿ ਰਾਅ ਨੂੰ ਮਸੀਹ ਦੀਆਂ ਸਰਗਰਮੀਆਂ ਦਾ ਕਿਵੇਂ ਪਤਾ ਲੱਗਾ ਲੇਕਿਨ ਕਿਉਂਕਿ ਉਸ ਨੂੰ ਏਜੰਸੀ ਦੀ ਸਰਪ੍ਰਸਤੀ ਪ੍ਰਾਪਤ ਸੀ, ਇਸ ਲਈ ਰਾਅ ਨੂੰ ਇਸ ਜ਼ਿੰਮੇਵਾਰੀ ਤੋਂ ਮੁਕਤ ਨਹੀਂ ਕੀਤਾ ਜਾ ਸਕਦਾ। ਸ਼ੰਕਾ ਇਹ ਹੈ ਕਿ ਸਲੀਮ ਮਸੀਹ ਦੁਆਰਾ ਹਥਿਆਰਾਂ ਦੀ ਤਸਕਰੀ ਕਰਨਾ ਕੇਂਦਰੀ ਸਰਕਾਰ ਦੀ ਸਕੀਮ ਦਾ ਹੀ ਇਕ ਹਿੱਸਾ ਸੀ ਕਿ ਉਗਰਵਾਦੀਆਂ ਅਤੇ ਮੁਜਰਮਾਨਾਂ ਤੱਤਾਂ ਨੂੰ ਹਥਿਆਰ ਦਿੱਤੇ ਜਾਣ ਤਾਂ ਕਿ ਸੰਸਦੀ ਚੋਣਾਂ ਨੂੰ ਪ੍ਰਭਾਵਿਤ ਕਰਨ ਦੇ ਮੰਤਵ ਲਈ ਪੰਜਾਬ ਵਿਚ ਹਿੰਸਾ “ਕਰਵਾਈ” ਜਾ ਸਕੇ।

ਅੱਤਵਾਦੀ ਗੁੱਟਾਂ ਦੁਆਰਾ ਤਸਕਰੀ ਕੀਤੇ ਗਏ ਆਟੋਮੈਟਿਕ ਹਥਿਆਰਾਂ ਦੀ ਪ੍ਰਾਪਤੀ ਦਾ ਢੰਡੋਰਾ ਪਿੱਟਣ ਨਾਲ ਕਾਂਗਰਸ ਨੂੰ ਇਹ ਪ੍ਰਾਪੇਗੰਡਾ ਕਰਨ ਦਾ ਬਹੁਤ ਵੱਡਾ ਮੌਕਾ ਮਿਲ ਜਾਵੇਗਾ ਕਿ ਦੇਖੋ ਕੌਮ ਨੂੰ ਅਖੰਡਤਾ ਤੋਂ ਕਿਵੇਂ ਖ਼ਤਰਾ ਹੈ। ਇਸ ਦਾ ਦੋਸ਼ ਅਕਾਲੀਆਂ ਅਤੇ ਉਨ੍ਹਾਂ ਹੋਰ ਪਾਰਟੀਆਂ ਸਿਰ ਮੜ੍ਹਿਆ ਜਾਵੇਗਾ ਜਿਹੜੀਆਂ “ਮੁੱਖਧਾਰਾ ਵਿਚ ਦਾਖਲ” ਨਹੀਂ ਹੋਈਆਂ।

ਪਰੰਤੂ ਰਾਅ ਸਿਰਫ ਹਥਿਆਰ ਮੰਗਵਾਉਣ ਤੇ ਹੀ ਨਹੀਂ ਰੁਕੀ। ਨਵੰਬਰ, 1987 ਵਿਚ ਪਾਰਲੀਮੈਂਟ ਦੁਆਰਾ ਪੰਜਾਬ ਵਿਚ ਐਮਰਜੈਂਸੀ ਦਾ ਐਲਾਨ ਕਰਨ ਲਈ 59ਵੀਂ ਸੋਧਨਾ ਕਰਨ ਤੋਂ ਕੁਝ ਮਹੀਨੇ ਪਹਿਲਾਂ ਕਾਬਲ ਤੋਂ ਇੰਡੀਅਨ ਏਅਰਲਾਈਨਜ਼ ਦੀ ਉਡਾਣ - ਆਈ ਸੀ 452 ਵਿਚੋਂ ਇਕ ਰਹੱਸਮਈ ਕਰੇਟ ਉਤਾਰੀ ਗਈ।

ਜਦੋਂ ਹਵਾਈ ਅੱਡੇ ਦੇ ਗੁਦਾਮ ਵਿਚੋਂ ਉਸ ਕਰੇਟ ਨੂੰ ਬਾਹਰ ਲਿਜਾਇਆ ਜਾ ਰਿਹਾ ਸੀ ਤਾਂ ਬਕਸੇ ਵਿਚ ਇਕ ਵਿਰਲ ਵਿਚੋਂ ਕੁਝ ਗੋਲੀਆਂ ਬਾਹਰ ਡਿੱਗ ਪਈਆਂ ਅਤੇ ਇਹ ਉਥੇ ਤਾਇਨਾਤ ਸੁਰੱਖਿਆ ਕਰਮਚਾਰੀ ਦੀ ਨਿਗ੍ਹਾ ਪੈ ਗਈਆਂ। ਇਹ ਕਰੇਟ ਬਾਹਰੋਂ ਮੰਗਵਾਏ ਗਏ 23 ਕਰੇਟਾਂ ਵਿਚੋਂ ਇਕ ਸੀ। ਸਾਰੇ ਕਰੇਟ ਪਾਸੇ ਰੱਖੇ ਗਏ ਅਤੇ ਉਨ੍ਹਾਂ ਵਿਚਲੇ ਸਾਮਾਨ ਦੀ ਪਾਲਮ ਅੱਡੇ ਦੇ ਡੀ ਸੀ ਪੀ, ਆਰ.ਕੇ. ਨਿਓਗੀ ਦੀ ਨਿਗਰਾਨੀ ਹੇਠ ਐਕਸ-ਰੇ ਪੜਤਾਲ ਸ਼ੁਰੂ ਹੋਈ। ਸੁਰੱਖਿਆ ਵਾਲਿਆਂ ਨੇ ਦੱਸਿਆ ਕਿ ਇਨ੍ਹਾਂ ਵਿਚ ਰਾਕਟ ਲਾਂਚਰ ਹਨ।

ਕੋਈ ਸ਼ਖ਼ਸ ਰਾਕਟ ਲਾਂਚਰ ਲਿਆ ਰਿਹਾ ਸੀ - ਨਿਸ਼ਚੇ ਹੀ ਇਹ ਕੋਈ ਅੱਤਵਾਦੀ ਤਸਕਰ ਹੋਵੇਗਾ। ਕਸਟਮ ਅਤੇ ਸੁਰੱਖਿਆ ਕਰਮਚਾਰੀਆਂ ਵਿਚਕਾਰ ਝਗੜਾ ਖੜ੍ਹਾ ਹੋ ਗਿਆ ਕਿ ਮਾਲ ਦੀ ਨਾਟਕੀ ਬਰਾਮਦਗੀ ਲਈ ਭੱਲ ਕਿਸ ਨੂੰ ਮਿਲੇਗੀ ਪਰੰਤੂ ਇਸ ਤੋਂ ਪਹਿਲਾਂ ਕਿ ਉਹ ਇਸ ਮਾਮਲੇ ਨੂੰ ਸੁਲਝਾ ਲੈਂਦੇ, ਇਕ ਆਦਮੀ ਆਇਆ ਅਤੇ ਆਪਣੇ-ਆਪ ਨੂੰ ਰਾਅ ਦੇ ਕਾਰਕੁੰਨ ਵਜੋਂ ਨਿਓਗੀ ਨੂੰ ਜਾਣ-ਪਹਿਚਾਣ ਕਰਵਾਈ।

ਇਸ ਜੇਮਜ਼ ਬਾਂਡ-ਜੀ ਨੇ ਦਾਅਵਾ ਕੀਤਾ ਕਿ ਇਹ ਸਰਕਾਰੀ ਸਮੱਗਰੀ ਹੈ ਅਤੇ ਉਹ ਨਿਓਗੀ ਦੇ ਕਰਮਚਾਰੀਆਂ ਦੁਆਰਾ ਕਰੇਟਾਂ ਨੂੰ ਖੋਲ੍ਹਣ ਅਤੇ

ਇਨ੍ਹਾਂ ਵਿਚਲੇ ਮਾਲ ਦੀ ਸੂਚੀ ਤਿਆਰ ਕਰਨ ਤੋਂ ਪਹਿਲਾਂ ਹੀ ਲੈ ਕੇ ਤੁਰਦਾ ਹੋਇਆ। ਸਾਮਾਨ ਡਿਲਿਵਰੀ ਰਜਿਸਟਰ ਅਨੁਸਾਰ ਕਟੇਰ 20 ਨਵੰਬਰ ਨੂੰ ਗੁਦਾਮ ਵਿਚੋਂ ਉਠਾਏ ਗਏ ਸਨ; ਇਨ੍ਹਾਂ ਤੇ ਦੋ ਪਤੇ ਸਨ : ਭੇਜਣ ਵਾਲੇ ਦਾ ਨਾਂ ਡਾਇਰੈਕਟਰ ਜਨਰਲ ਕਮਿਊਨੀਕੇਸ਼ਨਜ਼ ਪੁਲ-ਏ ਬਾਗ, ਐਚ ਈ ਏ, ਅਮੂਮੀ, ਕਾਬੁਲ ਸੀ ਅਤੇ ਮੰਗਵਾਉਣ ਵਾਲੇ ਦਾ ਨਾਂ ਪਤਾ ਡਾਇਰੈਕਟਰ ਜਨਰਲ ਕਮਿਊਨੀਕੇਸ਼ਨਜ਼, ਸੰਚਾਰ ਭਵਨ, ਨਵੀਂ ਦਿੱਲੀ ਸੀ।

ਕੋਈ ਬਾਹਰੋਂ ਰਾਕਟ ਲਾਂਚਰ ਮੰਗਵਾ ਰਿਹਾ ਸੀ ... ਜਿਨ੍ਹਾਂ ਦਾ ਆਯਾਤ ਯਕੀਨਨ ਤੌਰ ਤੇ ਅਤਿਵਾਦੀ ਕਾਰਵਾਈਆਂ ਕਰਕੇ ਵਰਜਿਤ ਸੀ। ਕਸਟਮ ਵਾਲੇ ਅਤੇ ਸਿਕਉਰਟੀ ਵਾਲੇ ਇਸ ਗੱਲ ਤੇ ਬਹਿਸ ਰਹੇ ਸਨ ਕਿ ਇਸ ਤਸਕਰੀ ਦੇ ਮਾਲ ਨੂੰ ਫੜਨ ਦਾ ਸਿਹਰਾ ਕਿਸ ਨੂੰ ਜਾਂਦਾ ਹੈ, ਪਰ ਇਸ ਤੋਂ ਪਹਿਲਾਂ ਕਿ ਉਹ ਮਾਮਲੇ ਦੇ ਕਿਸੇ ਸਿੱਟੇ ਤੇ ਪੁੱਜਦੇ, ਇਕ ਆਦਮੀ ਆਇਆ ਅਤੇ ਉਸਨੇ ਨਿਓਗੀ ਨੂੰ ਰਾਅ (RAW) ਦਾ ਓਪ੍ਰੇਟਿਵ ਹੋਣ ਵਜੋਂ ਪਹਿਚਾਣ ਕਰਵਾਈ।

ਇਹ ਹਥਿਆਰ ਕਿਸਦੀ ਵਰਤੋਂ ਲਈ ਸਨ? ਇੰਡੀਅਨ ਆਰਮੀ ਨੂੰ ਚੋਰੀ ਛਿਪੇ ਸਾਧਨਾਂ ਰਾਹੀਂ ਰਾਕਟ ਲਾਂਚਰ ਮੰਗਵਾਉਣ ਦੀ ਲੋੜ ਨਹੀਂ ਸੀ। ਇਸ ਦਾ ਮਤਲਬ ਇਹੋ ਹੋਇਆ ਕਿ ਰਾਅ, ਜੋ ਕਿ ਇਕ ਸਮੇਂ ਲਿੱਟੇ ਨੂੰ ਹਥਿਆਰ ਸਪਲਾਈ ਕਰਦੀ ਸੀ, ਪਰੰਤੂ ਸਾਮਾਨ ਮੰਗਵਾਉਣ ਦੀ ਤਰੀਕ ਇਸ ਸੰਭਵਤਾ ਨੂੰ ਰੱਦ ਕਰਦੀ ਹੈ ਕਿਉਂਕਿ ਆਈ ਪੀ ਕੇ ਐਫ਼ ਅਜੇ ਵੀ ਜਾਫ਼ਨਾ ਦੀ ਲੜਾਈ ਤੋਂ ਬਾਅਦ ਲਿੱਟੇ ਨੂੰ ਹੂੰਝਾ ਫੇਰ ਰਹੀ ਸੀ। ਕਿਸੇ ਹੋਰ ਤਮਿਲ ਗਰੁੱਪਾਂ ਦੁਆਰਾ ਇਨ੍ਹਾਂ ਰਾਕਟਾਂ ਦੀ ਵਰਤੋਂ ਕਰਨ ਦੀ ਖ਼ਬਰ ਵੀ ਨਹੀਂ ਮਿਲੀ। ਪ੍ਰਤੱਖ ਹੈ ਕਿ ਇਹ ਪੰਜਾਬ ਵਿਚ ਵਰਤੇ ਜਾਣੇ ਸਨ।

ਇਸ ਸਾਮਾਨ ਦੇ ਪਹੁੰਚਣ ਤੋਂ ਦੋ ਮਹੀਨਿਆਂ ਬਾਅਦ ਪ੍ਰੈਸ ਵਿਚ ਖ਼ਬਰਾਂ ਆਉਣ ਲੱਗ ਪਈਆਂ ਕਿ ਸਿੱਖ ਅੱਤਵਾਦੀਆਂ ਕੋਲ ਰਾਕਟ ਅਤੇ ਲਾਂਚਰ ਹਨ। ਮਾਰਚ 21 ਨੂੰ ਫਗਵਾੜਾ ਦੇ ਬਾਹਰਵਾਰ ਵਿਸ਼ਵਕਰਮਾ ਮੰਦਰ ਵਿਖੇ ਸੀ ਆਰ ਪੀ ਐਫ਼ ਦੀ ਚੌਕੀ ਤੇ ਰਾਕਟ ਛੱਡੇ ਗਏ। ਦੱਸਿਆ ਗਿਆ ਕਿ ਅੰਦਰ 70 ਸੀ ਆਰ ਪੀ ਐਫ਼ ਦੇ ਆਦਮੀ ਸੱਤੇ ਪਏ ਸਨ, ਰਾਕਟਾਂ ਨੇ ਮੰਦਰ ਦੀਆਂ ਕੰਧਾਂ ਤੋੜ ਦਿੱਤੀਆਂ ਪਰੰਤੂ ਹੈਰਾਨੀ ਦੀ ਗੱਲ ਹੈ ਕਿ ਇਕ ਵੀ ਵਿਅਕਤੀ ਜ਼ਖ਼ਮੀ ਨਾ ਹੋਇਆ। ਧਮਾਕਾ ਮਾਹਰਾਂ ਨੇ ਪੁਸ਼ਟੀ ਕੀਤੀ ਕਿ ਇਹ ਰਾਕਟ ਰਸ਼ੀਆ ਦੇ ਬਣੇ ਹੋਏ ਹਨ। ਅਗਲੇ ਦਿਨ 59ਵੀਂ ਸੋਧਨਾ ਪਾਸ ਕਰ ਦਿੱਤੀ ਗਈ।

ਅਪ੍ਰੈਲ 20, 1988 ਨੂੰ, ਇਹ ਐਲਾਨ ਕੀਤਾ ਗਿਆ ਕਿ ਹਵਾਈ ਮਿਜ਼ਾਈਲਾਂ ਛੱਡਣ ਵਾਲੇ 16 ਰਸ਼ੀਅਨਾਂ ਨੂੰ ਕਲਾਨੌਰ, ਜ਼ਿਲ੍ਹਾ ਗੁਰਦਾਸਪੁਰ ਤੋਂ ਨੇੜਿਓਂ ਇਕ ਫਾਰਮਹਾਊਸ ਤੋਂ ਪਕੜ ਲਿਆ ਗਿਆ ਹੈ ਅਤੇ 22 ਅਪ੍ਰੈਲ,, 1988 ਨੂੰ ਫਰੀਦਕੋਟ ਜ਼ਿਲ੍ਹੇ ਵਿਚੋਂ ਇਕ ਹੋਰ ਰਾਕਟ ਬਰਾਮਦਗੀ ਦਾ ਐਲਾਨ

ਕੀਤਾ ਗਿਆ। ਇਹ ਸ਼ਾਇਦ ਸਰਹੱਦ ਪਾਰੋਂ ਸਮਗਲ ਕੀਤੇ ਗਏ ਹੋਣ ... ਜਾਂ ਇਹ ਹਵਾਈ ਜਹਾਜ਼ ਰਾਹੀਂ ਲਿਆਂਦੇ ਗਏ ਹੋਣ ਅਤੇ ਰਾਅ ਦੁਆਰਾ ਇਨ੍ਹਾਂ ਸਬੰਧੀ ਦਾਅਵਾ ਕੀਤਾ ਗਿਆ ਹੋਵੇ।

*ਸਲੂਪੀ ਅਕਾਊਂਟਿੰਗ :*

ਲਗਭਗ 10 ਸਾਲਾਂ ਬਾਅਦ ਆਯਾਤ ਕੀਤੇ ਗਏ ਲਾਂਚਰਾਂ ਦੀ ਕਹਾਣੀ ਦਾ ਪਤਾ ਲੱਗਾ, ਹੋਰ ਦਾਸਤਾਂ "ਵੈਪਨਜ਼ ਐਟ ਲਾਰਜ" ਵਿਚ ਦਿੱਤੀ ਗਈ ਹੈ। **ਇਡੀਆ ਟੁਡੇ** ਦੇ ਸਤੰਬਰ 29, 1997 ਦੇ ਅੰਕ ਵਿਚ ਨਿਮਨਲਿਖਤ ਸਾਰਣੀ ਪ੍ਰਕਾਸ਼ਿਤ ਕੀਤੀ ਗਈ :

| | *ਏਕੇਜ਼* | *ਰਾਈਫਲਾਂ* | *ਰਿਵਾ-ਲਵਰਾਂ* | *ਰਾਕੇਟ ਲਾਂਚਰ* | *ਪਸਤੌਲਾਂ* | *ਕੇਸ ਪ੍ਰਾਪਰਟੀ ਸਟੇਟਸ* |
|---|---|---|---|---|---|---|
| ਅੰਮ੍ਰਿਤਸਰ | 236 | 97 | 464 | 12 | 29 | ਤਸਦੀਕ ਨਹੀਂ |
| ਤਰਨ ਤਾਰਨ | 325 | 114 | 366 | 24 | 97 | ਤਸਦੀਕ ਨਹੀਂ |
| ਮਜੀਠਾ | 237 | 102 | 475 | 38 | 94 | ਤਸਦੀਕ ਨਹੀਂ |
| ਗਰਦਾਸਪੁਰ | 138 | 73 | 287 | 12 | 34 | ਤਸਦੀਕ ਨਹੀਂ |
| ਬਟਾਲਾ | 202 | 97 | 450 | 15 | 66 | ਤਸਦੀਕ ਨਹੀਂ |
| ਜਲੰਧਰ | 174 | 75 | 381 | 10 | 19 | ਤਸਦੀਕ ਨਹੀਂ |
| ਹੁਸ਼ਿਆਰਪੁਰ | 119 | 86 | 221 | 0 | 9 | ਤਸਦੀਕ ਨਹੀਂ |
| ਕਪੂਰਥਲਾ | 126 | 60 | 257 | 6 | 27 | ਤਸਦੀਕ ਨਹੀਂ |
| ਪਟਿਆਲਾ | 142 | 81 | 251 | 0 | 18 | ਤਸਦੀਕਸ਼ੁਦਾ |
| ਫ਼ਤਿਹਗੜ੍ਹ | 33 | 27 | 56 | - | - | ਤਸਦੀਕਸ਼ੁਦਾ |
| ਸੰਗਰੂਰ | 121 | 107 | 367 | 7 | 33 | ਤਸਦੀਕਸ਼ੁਦਾ |
| ਬਰਨਾਲਾ | 39 | 30 | 72 | 0 | 0 | ਤਸਦੀਕਸ਼ੁਦਾ |
| ਲੁਧਿਆਣਾ | 163 | 118 | 515 | 15 | 95 | ਤਸਦੀਕ ਨਹੀਂ |
| ਜਗਰਾਓਂ | 49 | 33 | 78 | 0 | 4 | ਤਸਦੀਕ ਨਹੀਂ |
| ਖੰਨਾ | 46 | 22 | 91 | 4 | 4 | ਤਸਦੀਕ ਨਹੀਂ |
| ਰੋਪੜ | 131 | 61 | 244 | 5 | 17 | ਤਸਦੀਕ ਨਹੀਂ |
| ਫਿਰੋਜ਼ਪੁਰ | 215 | 96 | 210 | 16 | 55 | ਤਸਦੀਕ ਨਹੀਂ |
| ਫਰੀਦਕੋਟ | 121 | 64 | 317 | 6 | 32 | ਤਸਦੀਕ ਨਹੀਂ |
| ਬਠਿੰਡਾ | 77 | 57 | 312 | 2 | 6 | ਤਸਦੀਕ ਨਹੀਂ |
| ਮਾਨਸਾ | 21 | 8 | 49 | 0 | 0 | ਤਸਦੀਕ ਨਹੀਂ |

ਅਸਲੇ ਦੀ ਕੁਲ ਗਿਣਤੀ : 10,451

ਰਿਪੋਰਟਰ, ਹਰਿੰਦਰ ਬਾਵੇਜਾ, ਪੰਜਾਬ ਦੇ ਸਾਰੇ ਜ਼ਿਲ੍ਹਿਆਂ ਦੇ ਐਸ ਐਸ ਪੀਜ਼ ਨੂੰ ਜਾਰੀ ਕੀਤੇ ਗਏ ਇਕ ਮੀਮੋ ਵਿਚੋਂ ਹਵਾਲਾ ਦਿੰਦਾ ਹੈ :

*ਵਿਸ਼ਾ : 1/1/85 ਤੋਂ 31/12/96 ਤਕ ਦੇ ਸਮੇਂ ਲਈ ਕੇਸ ਪ੍ਰਾਪਰਟੀ ਦੀ ਭੌਤਿਕ ਪੜਤਾਲ*: ਸਾਰੇ ਐਸ ਐਸ ਪੀਜ਼ ਇਸ ਸਬੰਧੀ ਤਸਦੀਕ ਸਰਟੀਫ਼ਿਕੇਟ ਭੇਜਣਗੇ। ਕੁਝ ਜ਼ਿਲ੍ਹਾ ਮੁੱਖੀਆਂ ਨੇ ਇਸ ਦੇ ਜਵਾਬ ਵਿਚ ਕਾਰਵਾਈ ਕੀਤੀ ਹੈ ਪਰੰਤੂ ਕਈ ਹੋਰਨਾਂ ਨੇ ਅਧੂਰੀਆਂ ਰਿਪੋਰਟਾਂ ਭੇਜੀਆਂ ਹਨ ਅਤੇ ਕਈਆਂ ਨੇ ਭੇਜੀਆਂ ਹੀ ਨਹੀਂ ਹਨ। ਉਨ੍ਹਾਂ ਜ਼ਿਲ੍ਹਿਆਂ ਦੇ ਸਬੰਧ ਵਿਚ ਜਿਨ੍ਹਾਂ ਦੇ ਸਰਟੀਫ਼ਿਕੇਟ ਅਧੂਰੇ ਹਨ, ਕਰਾਈਮ ਬ੍ਰਾਂਚ ਇਸ ਗੱਲ ਨੂੰ ਯਕੀਨੀ ਬਣਾਏ ਕਿ ਲੋੜੀਂਦੀ ਕਾਰਵਾਈ ਬਿਨਾਂ ਹੋਰ ਦੇਰੀ ਦੇ ਕੀਤੀ ਜਾਵੇ ਅਤੇ ਤਸਦੀਕ ਸਰਟੀਫ਼ਿਕੇਟ ਤੁਰੰਤ ਭੇਜੇ ਜਾਣ।

ਚਿਤਾਵਨੀ ਵਜੋਂ, ਮੈਂ ਇਹ ਵੀ ਕਹਿਣਾ ਚਾਹਾਂਗਾ ਕਿ ਗ਼ੈਰ-ਪੁਸ਼ਟੀ ਕੀਤੀਆਂ ਗਈਆਂ ਰਿਪੋਰਟਾਂ ਇਹ ਦਰਸਾਉਂਦੀਆਂ ਹਨ ਕਿ ਪੁਲਿਸ ਥਾਣਿਆਂ ਵਿਚ ਕੇਸ ਪ੍ਰਾਪਰਟੀ ਵਿਚ ਕਮੀਆਂ ਨੂੰ ਪੂਰਾ ਕਰਨ ਦੇ ਲਈ, ਕੁਝ ਐਸ.ਐਚ.ਓ. ਕਥਿਤ ਤੌਰ ਤੇ ਉਨ੍ਹਾਂ ਦਾ ਹੜ੍ਹਾਂ / ਚੋਰੀ ਆਦਿ ਕਾਰਣ ਨੁਕਸਾਨ ਵਜੋਂ ਦਰਸਾਉਣ ਦੀ ਗ਼ੈਰ-ਕਾਨੂੰਨੀ / ਝੂਠੀ ਕਾਰਵਾਈ ਦਾ ਇਸਤਮਾਲ ਕਰ ਰਹੇ ਹਨ। ਮੈਂ ਇਹ ਸਲਾਹ ਦੇਵਾਂਗਾ ਕਿ ਨਿਗਰਾਨੀ ਅਫ਼ਸਰਾਂ ਦੁਆਰਾ ਅਚਨਚੇਤੀ ਚੈਕਿੰਗ ਨਾਲ ਅਜਿਹੇ ਅਨਸਰਾਂ ਨੂੰ ਅਜਿਹੀ ਕਾਰਵਾਈ ਕਰਨ ਤੋਂ ਰੋਕਿਆ ਜਾ ਸਕੇਗਾ ਅਤੇ ਬਾਅਦ ਵਿਚ ਵਿਭਾਗ ਨੂੰ ਪਰੇਸ਼ਾਨੀ ਤੋਂ ਬਚਾਇਆ ਜਾ ਸਕੇਗਾ।

ਵਿਸ਼ਵਾਸਪਾਤਰ,
(ਜੇ. ਐਸ. ਚਾਹਲ)
ਐਡੀਸ਼ਨਲ ਡੀ ਜੀ ਪੀ (ਕਰਾਈਮ)

ਉਪਰੋਕਤ ਸਾਰਣੀ ਅਤੇ ਮੀਮੋ ਤਕਰੀਬਨ ਸਾਰੀ ਕਹਾਣੀ ਬਿਆਨ ਕਰ ਦਿੰਦੇ ਹਨ। ਪੁਲਿਸ ਦੀ ਜ਼ੁਬਾਨ ਵਿਚ "ਕੇਸ ਪ੍ਰਾਪਰਟੀ", ਸਪੱਸ਼ਟ ਤੌਰ ਤੇ ਖਾੜਕੂਆਂ ਪਾਸੋਂ ਕਥਿਤ ਤੌਰ ਤੇ ਫੜੇ ਗਏ ਹਥਿਆਰ ਹੁੰਦੇ ਹਨ। ਇਹ ਹਥਿਆਰ ਬਾਅਦ ਵਿਚ ਪੁਲਿਸ ਅਤੇ ਨੀਮ-ਫੌਜੀ ਬਲਾਂ, ਰਾਜਨੀਤੀਵਾਨਾਂ ਅਤੇ ਆਮ ਨਾਗਰਿਕਾਂ ਨੂੰ ਵੀ ਜਾਰੀ ਕੀਤੇ ਜਾਂਦੇ ਹਨ। ਆਮ ਤੌਰ ਤੇ, ਫੜੇ ਗਏ ਹਥਿਆਰ ਜਦੋਂ ਤਕ ਕੇਸ ਦਾ ਨਿਪਟਾਰਾ ਨਹੀਂ ਹੋ ਜਾਂਦਾ, ਅਦਾਲਤ ਦੀ ਸੰਪਤੀ ਹੁੰਦੇ ਹਨ ਅਤੇ ਕਿਸੇ ਨੂੰ ਜਾਰੀ ਨਹੀਂ ਕੀਤੇ ਜਾ ਸਕਦੇ। ਰਿਪੋਰਟਰ, ਹਰਿੰਦਰ ਬਾਵੇਜਾ, ਇਹ ਨਿਰਣਾ ਕਰਦੀ ਹੈ: "ਜ਼ਿਆਦਾਤਰ ਪੁਲਿਸ ਜ਼ਿਲ੍ਹੇ ਤਸਦੀਕ ਸਰਟੀਫ਼ਿਕੇਟ ਭੇਜਣ ਤੋਂ ਗੁਰੇਜ਼ ਕਰਦੇ ਹਨ। ਕਾਰਣ: ਮਾਮਲਾ ਅਜਿਹਾ ਹੈ ਜਿਸ ਨਾਲ ਕਿ 'ਕੀੜਿਆਂ ਦਾ ਡੱਬਾ' ਖੁਲ੍ਹ ਜਾਵੇਗਾ ਅਤੇ ਇਸ ਨਾਲ ਕਈ ਛੋਟੇ-ਵੱਡੇ ਅਫ਼ਸਰ ਫਸ ਜਾਣਗੇ।"

ਸ਼ੁਰੂ ਦੇ ਨੱਬਿਆਂ ਦਾ ਇਕ ਮਸ਼ਹੂਰ ਕੇਸ ਸੀ ਟਾਡਾ ਅਧੀਨ ਫ਼ਿਲਮ ਅਭਿਨੇਤਾ ਸੰਜੇ ਦੱਤ ਦੀ ਨਜ਼ਰਬੰਦੀ ਜਿਸ ਦੇ ਕਬਜ਼ੇ ਵਿਚ ਇਕ ਏ ਕੇ-56

ਰਾਈਫ਼ਲ ਫ਼ੜੀ ਗਈ। ਪੰਜਾਬ ਵਿਚ, ਇੰਜ ਜਾਪਦਾ ਹੈ ਕਿ ਪੁਲਿਸ ਨੇ ਬਹੁਤ ਸਾਰੇ ਲੋਕਾਂ ਨੂੰ ਸੂਖਮ (ਸੋਫ਼ਿਸਟੀਕੇਟਿਡ) ਹਥਿਆਰ ਗ਼ੈਰ-ਕਾਨੂੰਨੀ ਤੌਰ ਤੇ ਜਾਰੀ ਕੀਤੇ ਹਨ ਜਿਨ੍ਹਾਂ ਪ੍ਰਤਿ ਕਿਸੇ ਨੇ ਉਂਗਲ ਨਹੀਂ ਉਠਾਈ। ਬਾਵੇਜਾ ਲਿਖਦੀ ਹੈ: "ਇਸੇ ਤਰ੍ਹਾਂ ਦੇ ਤ੍ਰਾਸ ਵਾਲੇ ਤੱਥ ਹਨ ਜੋ ਲੁਧਿਆਣਾ ਪੁਲਿਸ ਜ਼ਿਲ੍ਹੇ ਦੁਆਰਾ ਫ਼ਾਈਲ ਕੀਤੇ ਗਏ ਉੱਤਰ ਵਿਚ ਦਿੱਤੇ ਗਏ ਹਨ। ਇਥੋਂ ਹੀ ਦੋ ਏ ਕੇ-47 ਰਾਈਫਲਾਂ ਕਾਂਗਰਸ ਨੇਤਾ ਅਤੇ ਸਾਬਕਾ ਗ੍ਰਿਹ ਮੰਤਰੀ ਬੂਟਾ ਸਿੰਘ ਨੂੰ ਜਾਰੀ ਕੀਤੀਆਂ ਗਈਆਂ ਸਨ। ਇਸ ਵਿਚ ਜੁਰਮ ਹੋਰ ਵੀ ਵੱਧ ਗਿਆ ਸੀ ਕਿਉਂਜੋ ਨਾ ਕੇਵਲ ਕੇਸ ਸੰਪਤੀਆਂ ਜਾਰੀ ਕੀਤੀਆਂ ਗਈਆਂ ਸਨ, ਸਗੋਂ ਉਹ ਰਾਜ ਤੋਂ ਬਾਹਰ ਵੀ ਲਿਜਾਈਆਂ ਗਈਆਂ ਸਨ। ਹੋਰਨਾਂ ਅਲਾਟੀਆਂ ਵਿਚ ਸ਼ਾਮਲ ਹਨ : ਏ.ਕੇ . ਸਿੰਘ, ਕਮਾਂਡੈਂਟ ਜਨਰਲ, ਦਿੱਲੀ ਹੋਮ ਗਾਰਡਜ਼, ਜੋ ਕਿ ਫਿਰ ਗ਼ੈਰ-ਪੰਜਾਬ ਵਸਨੀਕ ਹੈ, ਅਤੇ ਕੁਝ ਸੀਨੀਅਰ ਸੀ ਆਰ ਪੀ ਐਫ ਅਫ਼ਸਰ। ਅਜਿਹੇ ਕਾਰਣਾਂ ਕਰਕੇ ਹੀ (ਲਾਗਬੁਕਸ ਵਿਚ ਇੰਦਰਾਜ ਦਰਸਾਉਂਦੇ ਹਨ ਕਿ ਹਥਿਆਰ ਪੁਲਿਸ ਅਫ਼ਸਰਾਂ ਅਤੇ ਰਾਜਨੀਤੀਵਾਨਾਂ ਨੂੰ ਜਾਰੀ ਕੀਤੇ ਗਏ ਸਨ) ਬਹੁਤ ਸਾਰੇ ਐਸ ਐਸ ਪੀਜ਼ ਚਾਹਲ ਦੇ ਮੀਮੋਜ਼ ਦੇ ਉੱਤਰ ਦੇਣੋਂ ਹਿਚਕਚਾਉਂਦੇ ਹਨ।"

"ਜਦ ਕਿ ਕੁਝ ਰਿਕਾਰਡ ਹਨ ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਹਥਿਆਰ ਕਿਨ੍ਹਾਂ ਨੂੰ ਜਾਰੀ ਕੀਤੇ ਗਏ ਸਨ, ਪੁਲਿਸ ਤਸਦੀਕ ਸਰਟੀਫ਼ਿਕੇਟ ਜਾਰੀ ਕਰਨ ਦੀ ਸਥਿਤੀ ਵਿਚ ਨਹੀਂ ਹੈ ਕਿਉਂਕਿ ਉਹ ਫੜੇ ਗਏ ਸਾਰੇ ਹਥਿਆਰਾਂ ਦਾ ਲੇਖਾ ਨਹੀਂ ਦੇ ਸਕਦੀ। ਕੁਝ ਕੇਸਿਜ਼ ਵਿਚ, ਹਥਿਆਰ ਸਿਵਿਲਿਅਨਜ਼ ਨੂੰ ਵੀ ਸੌਂਪੇ ਗਏ ਸਨ। ਪਰ ਇਹ ਸਿਵਿਲਿਅਨਜ਼ ਕੌਣ ਹਨ? ਕੀ ਉਹ ਜਵਾਬੀ-ਵਿਦਰੋਹੀ (ਕਾਊਂਟਰ-ਇਨਸਰਜੈਂਟਸ) ਹਨ ਜਿਨ੍ਹਾਂ ਨੂੰ ਅੱਤਵਾਦੀਆਂ ਦਾ ਮੁਕਾਬਲਾ ਕਰਨ ਲਈ ਨਿਯੁਕਤ ਕੀਤਾ ਗਿਆ ਸੀ ? ਇਹ ਅਜਿਹੇ ਪ੍ਰਸ਼ਨ ਹਨ ਜਿਨ੍ਹਾਂ ਦਾ ਉੱਤਰ ਪੁਲਿਸ ਅਫ਼ਸਰ ਦੇਣਾ ਨਹੀਂ ਚਾਹੁੰਦੇ।"

ਗਾਇਬ ਬੰਦੂਕਾਂ ਦੇ ਰਹੱਸ ਦੇ ਸਬੰਧ ਵਿਚ ਗਿੱਲ ਦਾ ਜਵਾਬ ਇਸ ਤਰ੍ਹਾਂ ਦੱਸਿਆ ਗਿਆ ਹੈ "ਸੱਚੀਂ, ਕੀ ਉਹ ਗਾਇਬ ਹਨ ? ਮੈਂ ਅਜਿਹਾ ਨਹੀਂ ਸੋਚਦਾ; ਪਰ ਹਾਂ, ਪੰਜਾਬ ਵਿਚ ਹੜ੍ਹ ਆਏ ਸਨ। ਇਹ ਸੰਭਵ ਹੈ ਕਿ ਹਥਿਆਰ ਹੜ੍ਹ ਵਿਚ ਰੁੜ੍ਹ ਗਏ ਹੋਣ।" ਮੌਜੂਦਾ ਡੀ ਜੀ ਪੀ ਕਹਿੰਦਾ ਹੈ ਕਿ ਉਹ ਇਸ ਸਬੰਧੀ ਚਿੰਤਤ ਹੈ ਕਿ ਹਥਿਆਰਾਂ ਦੀ ਹੋਂਦ ਸਬੰਧੀ ਕਿਸੇ ਪੜਤਾਲ ਦਾ, ਪਹਿਲਾਂ ਹੀ ਮਨੋਬਲ ਗੁਆ ਚੁੱਕੀ ਫ਼ੋਰਸ ਤੇ ਕੀ ਅਸਰ ਹੋਵੇਗਾ।

ਇਕ ਐਸ ਐਸ ਪੀ ਦੁਆਰਾ ਇਸ ਤਰ੍ਹਾਂ ਕਿਹਾ ਗਿਆ ਦੱਸਿਆ ਜਾਂਦਾ ਹੈ : "ਹਾਂ, ਝੂਠੇ ਮੁਕਾਬਲੇ ਹੋਏ ਸਨ, ਹਾਂ, ਜ਼ਿਆਦਤੀਆਂ ਵੀ ਹੋਈਆਂ ਸਨ ਅਤੇ ਹਾਂ, ਅਸੀਂ ਫੜੇ ਗਏ ਹਥਿਆਰ ਜਾਰੀ ਕੀਤੇ ਹਨ। ਪਰ ਜੋ ਬੀਤ ਗਿਆ ਹੈ ਉਸ ਨੂੰ ਕੁਰੇਦਨ ਦਾ ਕੀ ਫ਼ਾਇਦਾ ਹੈ ਜਦ ਕਿ ਸ਼ਾਂਤੀ ਮੁੜ-ਸਥਾਪਤ ਹੋ ਚੁੱਕੀ ਹੈ ? ਇਹ ਹਥਿਆਰ ਕਿਸ ਨੂੰ ਜਾਰੀ ਕੀਤੇ ਗਏ ਸਨ, ਸਬੰਧੀ

ਜਾਣਕਾਰੀ ਹਾਸਲ ਕਰਨ ਦੀ ਕੋਸ਼ਿਸ਼ ਕਰਨ ਦਾ ਕੀ ਨੁਕਤਾ ਹੈ ?"

ਐਸ ਐਸ ਪੀ ਦੇ ਪ੍ਰਸ਼ਨਾਂ ਦੇ ਉੱਤਰ ਵਿਚ, ਕਈ ਇਕ ਮਹੱਤਵਪੂਰਣ ਨੁਕਤੇ ਹਨ ਜੋ ਕਿ ਸਪੱਸ਼ਟ ਹੋ ਜਾਣਗੇ ਜੇਕਰ ਇਸ ਮਾਮਲੇ ਦੀ ਪੈਰਵੀ ਕੀਤੀ ਜਾਂਦੀ ਹੈ। ਪੰਜਾਬ ਵਿਚਲੀ ਉਪਰੋ-ਥੱਲੀ ਭਾਵੇਂ ਸ਼ਾਂਤ ਹੋ ਗਈ ਹੋਵੇ, ਪਰ ਜੰਮੂ ਅਤੇ ਕਸ਼ਮੀਰ ਅਤੇ ਆਸਾਮ ਵਿਚ ਖਲਬਲੀ ਵੱਧ ਗਈ ਹੈ। ਇਨ੍ਹਾਂ ਰਾਜਾਂ ਦੇ ਲੋਕ ਕੇਂਦਰ ਸਰਕਾਰ ਤੇ ਦੋਸ਼ ਲਗਾਉਂਦੇ ਹਨ ਕਿ ਉਸਨੇ ਇਥੇ ਜਫਰ ਅਤੇ ਬਖੇੜੇ ਨੂੰ ਭੜਕਾਉਣ ਲਈ ਪੰਜਾਬ ਦੀਆਂ ਯੁਧ-ਨੀਤੀਆਂ "ਇਮਪੋਰਟ" ਕੀਤੀਆਂ ਹਨ। ਇਨ੍ਹਾਂ ਨੀਤੀਆਂ ਵਿਚ ਵਿਜੀਲੈਂਟਸ ਨੂੰ ਹਥਿਆਰਬੰਦ ਕਰਨਾ ਅਤੇ ਉਨ੍ਹਾਂ ਨੂੰ ਖਾੜਕੂਆਂ ਦੇ ਭੇਸ ਵਿਚ ਘਿਨਾਉਣੇ ਜੁਰਮ ਕਰਨ ਲਈ ਭੇਜਣਾ ਸ਼ਾਮਲ ਹੈ ਜਿਸ ਕਾਰਵਾਈ ਦਾ ਮਨਸ਼ਾ ਕੇਂਦਰ ਸਰਕਾਰ ਦੇ ਵਿਰੋਧੀਆਂ ਨੂੰ ਬਦਨਾਮ ਕਰਨਾ ਹੈ। ਜਦੋਂ ਉਥੇ ਤਾਇਨਾਤ ਸੁਰੱਖਿਆ ਬਲ ਐਲਾਨ ਕਰਦੇ ਹਨ ਕਿ ਕੋਈ ਗੋਲੀਆਂ ਨਾਲ ਛਲਣੀ ਲਾਸ਼ ਕਿਸੇ "ਖ਼ਤਰਨਾਕ ਖਾੜਕੂ" ਦੀ ਸੀ ਤਾਂ ਮਜਬੂਰਨ ਉਨ੍ਹਾਂ ਨੂੰ ਉਸਦੇ ਕਬਜ਼ੇ ਵਿਚ ਸੋਫ਼ਿਸਟੀਕੇਟਿਡ ਹਥਿਆਰ ਦਿਖਾਉਣੇ ਪੈਂਦੇ ਹਨ - ਅਤੇ ਜੇਕਰ ਉਸ ਦੇ ਪਾਸ ਕੋਈ ਅਜਿਹਾ ਹਥਿਆਰ ਨਹੀਂ ਸੀ, ਤਾਂ ਸੁਰੱਖਿਆ ਬਲ ਇਸ ਕਮੀ ਨੂੰ ਆਪ ਪੂਰਾ ਕਰ ਦਿੰਦੇ। ਅਜਿਹੇ ਕੁਝ ਹਥਿਆਰ ਅਜਿਹੇ ਡਰਾਮਿਆਂ ਵਿਚ ਪਰੌਪਸ ਵਾਂਗੂੰ ਵਾਰ-ਵਾਰ ਵਰਤੇ ਜਾਂਦੇ ਹਨ। ਹੋ ਸਕਦਾ ਹੈ, ਉਹ ਹਥਿਆਰ ਜਿਹੜੇ ਕਿ ਇਸ ਮੰਤਵ ਲਈ ਪੰਜਾਬ ਵਿਚ ਵਰਤੇ ਗਏ ਸਨ, ਹੁਣ ਉਹੀ ਰੋਲ ਜੇ ਐਂਡ ਕੇ, ਉੱਤਰ-ਪੂਰਬ ਅਤੇ ਹੋਰ ਥਾਵਾਂ ਤੇ ਅਦਾ ਕਰ ਰਹੇ ਹੋਣ।

"ਹੁਣ ਬੀਤੇ ਕਾਲ ਨੂੰ ਕੁਰੇਦਨ ਦਾ ਕੀ ਫ਼ਾਇਦਾ ਹੈ ....? ਐਸ ਐਸ ਪੀ ਪੁੱਛਦਾ ਹੈ। ਅਸੀਂ ਆਸ ਕਰਦੇ ਹਾਂ ਕਿ ਇਸ ਐਸ ਐਸ ਪੀ ਨੂੰ ਕਦੀ ਕਿਸੇ ਕਤਲ ਦੀ ਤਫ਼ਤੀਸ਼ ਕਰਨ ਦਾ ਕੰਮ ਨਹੀਂ ਸੌਂਪਿਆ ਜਾਂਦਾ। ਉਹ ਬੜੇ ਆਰਾਮ ਨਾਲ ਕਹਿ ਸਕਦਾ ਹੈ : "ਦੇਖੋ, ਬੰਦਾ ਤਾਂ ਮਰ ਗਿਆ ਹੈ। ਹੁਣ ਇਸ ਗੱਲ ਨੂੰ ਜਾਣਨ ਦੀ ਕੀ ਤੁਕ ਹੈ ਕਿ ਉਸ ਨੂੰ ਕਿਸ ਨੇ ਮਾਰਿਆ ਸੀ?"

ਬਾਵੇਜਾ, ਪੰਜਾਬ ਪੁਲਿਸ ਦੇ ਅੰਕੜੇ ਦਸਦੀ ਹੈ, ਜਿਨ੍ਹਾਂ ਵਿਚ ਕਿਹਾ ਗਿਆ ਹੈ ਕਿ 1987 ਦੇ ਮੁੱਢ ਅਤੇ ਅਗਸਤ, 1997 ਤਕ ਦੇ ਸਮੇਂ ਦੇ ਦੌਰਾਨ 2,715 ਏ ਕੇ-47 ਰਾਇਫਿਲਾਂ, 1,408 ਰਾਈਫਲਾਂ ਅਤੇ 6,000 ਪਿਸਤੌਲਾਂ ਫ਼ੜੀਆਂ ਗਈਆਂ।"

ਇਸ ਦੌਰਾਨ ਚਾਹਲ ਨੇ ਐਸ ਐਸ ਪੀਜ਼ ਨੂੰ ਆਰ ਡੀ ਐਕਸ ਸਮੇਤ ਵਿਸਫ਼ੋਟਕਾਂ ਦਾ ਲੇਖਾ ਦੇਣ ਲਈ ਵੀ ਕਿਹਾ ਹੈ।

"ਉਨ੍ਹਾਂ ਸਾਲਾਂ ਵਿਚ ਜਦੋਂ ਪੰਜਾਬ ਪੁਲਿਸ ਨੂੰ ਪੂਰਣ ਆਜ਼ਾਦੀ ਸੀ ਅਜਿਹੇ ਵੀ ਅਵਸਰ ਆਏ ਜਦੋਂ ਉਹੀ ਹਥਿਆਰ ਦੋ ਦੋ ਵਾਰ ਫ਼ੜੇ ਗਏ ਦਰਸਾਏ ਗਏ।"

ਹੁਣ, ਅਸੀਂ ਰੁਕੀਏ ਅਤੇ ਸੋਚੀਏ : ਫ਼ਰਿਸਤ ਕੀਤੇ ਗਏ ਕਿੰਨੇ ਹਥਿਆਰ ਅਜਿਹੇ ਹੋਣਗੇ ਜਿਨ੍ਹਾਂ ਨੂੰ ਬਾਰ-ਬਾਰ ਫ਼ੜੇ ਗਏ ਦਰਸਾਇਆ ਗਿਆ ?

*ਲਾਗਲੇ ਰਾਜਾਂ ਵਿਚ ਪੁਲਿਸ*

ਕਿਉਂਜੋ ਅਜਿਹੀਆਂ ਵਾਰਦਾਤਾਂ ਜਿਨ੍ਹਾਂ ਵਿਚ ਸਿੱਖ ਖਾੜਕੂਆਂ ਦਾ ਹੱਥ ਸੀ, ਪੰਜਾਬ ਤੋਂ ਬਾਹਰ ਉਨ੍ਹਾਂ ਲਾਗਲੇ ਰਾਜਾਂ ਜਿਨ੍ਹਾਂ ਵਿਚ ਸਿੱਖ ਕਾਫ਼ੀ ਗਿਣਤੀ ਵਿਚ ਹਨ, ਵੀ ਵਾਪਰੀਆਂ, ਉਨ੍ਹਾਂ ਰਾਜਾਂ ਦੇ ਪੁਲਿਸ ਬਲ ਵੀ ਅੱਤਵਾਦ-ਵਿਰੋਧੀ ਓਪਰੇਸ਼ਨਜ਼ ਵਿਚ ਅਤੇ ਪੰਜਾਬ ਦੀ ਸਰਹੱਦ ਦੇ ਨਾਲ-ਨਾਲ ਚੌਕਸੀ ਵਿਚ ਸ਼ਾਮਲ ਸਨ। ਇਸ ਤੋਂ ਭਾਵ ਹੈ ਜੇ ਐਂਡ ਕੇ, ਹਰਿਆਣਾ, ਰਾਜਸਥਾਨ, ਯੂ.ਪੀ., ਦਿੱਲੀ ਅਤੇ ਹਿਮਾਚਲ ਦੀ ਪੁਲਿਸ।

*ਦੂਜੇ ਰਾਜਾਂ ਤੋਂ ਆਰਮਡ ਪੁਲਿਸ*

ਨੀਮ ਫੌਜੀ ਬਲਾਂ ਤੋਂ ਛੁੱਟ, ਯੂ.ਪੀ., ਮੱਧ ਪ੍ਰਦੇਸ਼, ਰਾਜਸਥਾਨ, ਗੁਜਰਾਤ ਅਤੇ ਇਥੋਂ ਤਕ ਕਿ ਦੂਰ ਪੈਂਦੇ ਆਂਧਰਾ ਪ੍ਰਦੇਸ਼ ਤੋਂ ਵੀ ਆਰਮਡ ਬਟਾਲੀਅਨਾਂ ਮੰਗਵਾਈਆਂ ਗਈਆਂ ਸਨ। ਬਾਹਰਲੇ ਰਾਜਾਂ ਤੋਂ ਮੰਗਵਾਈ ਗਈ ਆਰਮਡ ਪੁਲਿਸ ਦੀ ਗਿਣਤੀ ਲਗਭਗ 75,000 ਹੋਵੇਗੀ।

*ਖ਼ੁਫ਼ੀਆ ਏਜੰਸੀਆਂ*

ਇਨ੍ਹਾਂ ਤੋਂ ਇਲਾਵਾ, ਕੇਂਦਰੀ ਖ਼ੁਫ਼ੀਆ ਏਜੰਸੀਆਂ, ਜਿਵੇਂ ਕਿ ਰਿਸਰਚ ਐਂਡ ਅਨੈਲਿਸਿਜ਼ ਵਿੰਗ, ਇੰਟੈਲੀਜੈਂਸ ਵਿੰਗ, ਕ੍ਰਿਮੀਨਲ ਬਿਊਰੋ ਆਫ਼ ਇਨਵੈਸਟੀਗੇਸ਼ਨ, ਇੰਡਸਟ੍ਰੀਅਲ ਸਿਕਉਰਟੀ ਫ਼ੋਰਸ ਆਦਿ ਦੀ ਚੋਖੀ ਤਾਦਾਦ ਮੌਜੂਦ ਸੀ।

ਪੰਜਾਬ ਪੁਲਿਸ ਅਤੇ ਦੂਜੇ ਰਾਜਾਂ ਤੋਂ ਪੁਲਿਸ ਅਤੇ ਕੇਂਦਰੀ ਸੁਰੱਖਿਆ ਬਲਾਂ ਦੀ ਸਮੁੱਚੀ ਗਿਣਤੀ ਕੋਈ 5 ਲੱਖ ਦੇ ਕਰੀਬ ਹੋਵੇਗੀ

*ਨੀਮ-ਫੌਜੀ ਦਸਤੇ*

ਕਈ ਅਵਸਰਾਂ ਤੇ, ਚੰਗੀ ਕਿਸਮਤ ਨਾਲ ਦੇਸ਼ ਦੇ ਆਕਾਰ ਅਤੇ ਕੇਂਦਰੀ ਸਰਕਾਰ ਨੂੰ ਗੜਬੜੀ ਵਾਲੀਆਂ ਥਾਵਾਂ ਤੇ ਕਾਬੂ ਰੱਖਣ ਦੇ ਯੋਗ ਬਣਾਇਆ ਹੈ। ਜਦੋਂ ਤੇਲੰਗਾਨਾ ਵਿਚ ਉਬਾਲ ਆਇਆ ਸੀ ਤਾਂ ਬਾਕੀ ਦਾ ਮੁਲਕ ਸ਼ਾਂਤ ਸੀ; ਜਦੋਂ ਅਹਿਮਦਾਬਾਦ ਵਿਚ ਹਿੰਦੂ-ਮੁਸਲਿਮ ਦੰਗੇ ਹੋਏ ਤਾਂ ਹੋਰ ਕਿਤੇ ਕੋਈ ਤਨਾਅ ਨਹੀਂ ਸੀ।

ਅਜਿਹਾ ਹੀ ਕੁਝ ਪੰਜਾਬ ਵਿਚ 1985 ਅਤੇ 1996 ਦੇ ਸਾਲਾਂ ਦੌਰਾਨ ਵਾਪਰਿਆ। ਆਸਾਮ ਅੰਦੋਲਨ ਸ਼ਕਤੀ ਦੀ ਵਰਤੋਂ ਕਰਕੇ, ਗੱਲਬਾਤ ਰਾਹੀਂ ਅਤੇ ਚੋਣਾਂ ਕਰਵਾ ਕੇ ਮਿਲੇ ਜੁਲੇ ਢੰਗ ਨਾਲ ਦਬਾ ਦਿੱਤਾ ਗਿਆ ਸੀ। ਸ੍ਰੀ

ਲੰਕਾ ਵਿਚ ਸਥਿਤੀ ਭੈੜੀ ਸੀ ਪਰ ਸਰਕਾਰ ਉਸ ਗੜਬੜ ਨੂੰ ਤਮਿਲਨਾਡੂ ਵਿਚ ਫੈਲਣ ਤੋਂ ਰੋਕਣ ਵਿਚ ਸਫ਼ਲ ਹੋ ਗਈ। ਕਸ਼ਮੀਰ ਵਿਚ ਬੇਚੈਨੀ ਦਾ ਮਾਹੌਲ ਸੀ ਪਰ ਅਜੇ ਮਾਮਲਾ ਭੜਕਿਆ ਨਹੀਂ ਸੀ। ਮੰਡਲ ਅੰਦੋਲਨ ਹਿੰਸਕ ਸੀ ਪਰ ਥੋੜ੍ਹੇ ਅਰਸੇ ਲਈ ਰਿਹਾ। ਸਰਕਾਰ ਦੀ ਕਿਸਮਤ ਨੇ ਸਾਥ ਦਿੱਤਾ ... ਜਾਂ ਸ਼ਾਇਦ ਕਾਂਗਰਸ ਪਾਰਟੀ ਦੇ ਪੁਰਾਣੇ ਸੂਝਵਾਨਾਂ ਨੇ ਇਹ ਯਕੀਨੀ ਬਣਾਇਆ ਕਿ ਸਰਕਾਰ ਦਾ ਸਿਰਫ ਇਕੋ ਰਿੰਗ ਹੀ ਇਕ ਸਮੇਂ ਕਾਰਜਸ਼ੀਲ ਰਹੇ।

ਨੀਮ-ਫੌਜੀ ਬਲਾਂ, ਜੋ ਕਿ ਕੇਂਦਰ ਦੇ ਗ੍ਰਿਹ ਮਾਮਲੇ ਮੰਤ੍ਰਾਲੇ ਅਧੀਨ ਹਨ, ਨੂੰ ਵੱਡੇ ਪੈਮਾਨੇ ਤੇ ਪੰਜਾਬ ਵਿਚ ਤਾਇਨਾਤ ਕੀਤਾ ਗਿਆ। ਇਹ ਅਨੁਮਾਨ ਕੀਤਾ ਜਾਂਦਾ ਹੈ ਕਿ ਅਜਿਹੇ ਬਲਾਂ ਦੇ ਘੱਟੋ-ਘੱਟ 2 ਲੱਖ ਜਵਾਨ ਰਾਜ ਵਿਚ ਲਗਾਏ ਗਏ ਸਨ।

ਉਨ੍ਹਾਂ ਦੀ ਗਿਣਤੀ ਹੇਠ ਦਿੱਤੇ ਅਨੁਸਾਰ ਹੈ :

ਭਾਰਤੀ ਸਰਹੱਦਾਂ ਦੀ ਨਿਗਰਾਨੀ
ਕਰਦੇ ਸੀਮਾ ਸੁਰੱਖਿਆ ਬਲ
(ਬੀ ਐਸ ਐਫ) 1,75,000 158 ਬਟਾਲੀਅਨਾਂ

ਇਨ੍ਹਾਂ ਵਿਚੋਂ ਤਕਰੀਬਨ ਅੱਧੇ ਖਾੜਕੂ ਗ੍ਰਸਤ ਇਲਾਕਿਆਂ ਦੀ ਗਸ਼ਤ ਵਿਚ ਲਗਾਏ ਗਏ ਹਨ।

ਕੇਂਦਰੀ ਰਿਜ਼ਰਵ ਪੁਲਿਸ ਬਲ
(ਸੀ ਆਰ ਪੀ ਐਫ) 1,50,000 134 ਬਟਾਲੀਅਨਾਂ
ਦੰਗਾ ਨਿਯੰਤ੍ਰਣ ਰੀਇਨਫੋਰਸਮੈਂਟ

ਰਾਜ ਪੁਲਿਸ ਸਟਰੈੱਚ ਉਤੇ ਭਾਰੀ ਗਿਣਤੀ ਵਿਚ ਤਾਇਨਾਤ ਕੀਤੇ ਗਏ।

ਇੰਡੋ-ਤਿਬਤੀ ਬਾਰਡਰ ਪੁਲਿਸ
(ਆਈ ਟੀ ਬੀ ਪੀ) 30,000
ਹਿਮਾਲਿਆ ਸਰਹੱਦ ਦੀ ਨਿਗਰਾਨੀ ਲਈ
ਵੀ ਵੀ ਆਈ ਪੀ ਦੀ ਸੁਰੱਖਿਆ ਕਰਨ ਹਿੱਤ

ਕੇਂਦਰੀ ਉਦਯੋਗਿਕ ਸੁਰੱਖਿਆ ਬਲ
(ਸੀ ਆਈ ਐਸ ਐਫ) 90,000
ਸਰਕਾਰੀ ਉਦਯੋਗਾਂ ਦੀ ਸੁਰੱਖਿਆ ਕਰਦੀ ਹੈ
ਪੋਲਿੰਗ ਬੂਥਾਂ ਦੀ ਸੁਰੱਖਿਆ ਲਈ

ਨੈਸ਼ਨਲ ਸਕਿਉਰਟੀ ਗਾਰਡਜ਼ (ਐਨ ਐਸ ਜੀ) 6,500
ਅੱਤਵਾਦ-ਵਿਰੋਧੀ ਯੂਨਿਟ
ਵੀ ਵੀ ਆਈ ਪੀ ਸੁਰੱਖਿਆ

ਸਪੈਸ਼ਲ ਸਕਿਉਰਟੀ ਗਰੁੱਪ (ਐਸ ਐਸ ਜੀ) 10,000
ਵੀ ਵੀ ਆਈ ਪੀ ਸੁਰੱਖਿਆ ਅੱਤਵਾਦ-ਵਿਰੋਧੀ ਬਲ
ਇੰਡੀਅਨ ਰਿਜ਼ਰਵ ਫ਼ੋਰਸ
(ਆਈ ਆਰ ਐਫ਼) 16,500 15 ਬਟਾਲੀਅਨਾਂ

(ਐਸ ਐਸ ਜੀ ਅਤੇ ਆਈ ਆਰ ਐਫ਼ ਤੋਂ ਛੁੱਟ ਸਾਰੇ ਅੰਕੜੇ 15 ਅਪ੍ਰੈਲ, 1995 ਦੇ **ਇੰਡੀਆ ਟੁਡੇ** ਵਿਚੋਂ ਲਏ ਗਏ ਹਨ, ਅਤੇ ਸ਼ੁਰੂ ਦੇ ਨੱਬਿਆਂ ਦੇ ਅਰਸੇ ਨਾਲ ਸਬੰਧਤ ਹਨ।)

ਕੇਂਦਰੀ ਉਦਯੋਗਿਕ ਸੁਰੱਖਿਆ ਬਲ (ਸੀ ਐਸ ਆਈ ਐਫ਼) ਸਬੰਧੀ, **ਦਿ ਹਿਤਵਦਾ** (ਨਵੰਬਰ 6) ਵਿਚ ਛਪੀ ਇਕ ਰਿਪੋਰਟ ਅਨੁਸਾਰ, "ਮਿਸਟਰ ਸੁਰਿੰਦਰ ਨਾਥ [ਪੰਜਾਬ ਦੇ ਰਾਜਪਾਲ] ਨੇ ਹੁਣ ਤਕ ਘੱਟ ਜਾਣੀ ਜਾਂਦੀ ਸੀ ਆਈ ਐਸ ਐਫ਼ ਨੂੰ ਸ਼ਕਤੀਆਂ ਪ੍ਰਦਾਨ ਕਰਨ ਵਿਚ ਇਕ ਅਹਿਮ ਭੂਮਿਕਾ ਨਿਭਾਈ ਅਤੇ ਇਹ ਦੋਸ਼ ਲਗਾਇਆ ਜਾ ਰਿਹਾ ਹੈ ਕਿ ਇਸਦੇ ਕੁਝ ਕਰਮਚਾਰੀਆਂ ਨੂੰ ਨਿਰਦੋਸ਼ ਵਿਅਕਤੀਆਂ ਨੂੰ ਮਾਰਨ ਲਈ ਇਸਤਮਾਲ ਕੀਤਾ ਗਿਆ, ਜਿਨ੍ਹਾਂ ਵਿਚ ਪੁਲਿਸ ਕਰਮਚਾਰੀਆਂ ਦੇ ਮੈਂਬਰ, ਅਧਿਆਪਕ, ਡਾਕਟਰ, ਇੰਜੀਨੀਅਰ, ਮੀਡੀਆ ਦੇ ਵਿਅਕਤੀ ਅਤੇ ਸਿਆਸੀ ਸ਼ਖ਼ਸੀਅਤਾਂ ਵੀ ਸ਼ਾਮਲ ਹਨ।"

ਸੁਰਿੰਦਰ ਨਾਥ ਇਕ ਆਈ ਪੀ ਐਸ ਅਫ਼ਸਰ ਸੀ ਅਤੇ ਉਸਨੇ ਆਪਣੇ ਲੰਬੇ ਕੈਰੀਅਰ ਦੌਰਾਨ ਕਈ ਇਕ ਬੜੀਆਂ ਨਾਜ਼ੁਕ ਜ਼ਿੰਮੇਵਾਰੀਆਂ ਨਿਭਾਈਆਂ ਸਨ, ਖ਼ਾਸ ਕਰਕੇ ਜੰਮੂ ਅਤੇ ਕਸ਼ਮੀਰ ਵਿਚ। ਉਹ ਅਜਿਹਾ ਵਿਅਕਤੀ ਵੀ ਸੀ ਜਿਸ ਦਾ ਇਕ ਰਾਜ਼ ਸੀ : ਉਹ ਇਕ ਹਿੰਦੂ-ਸ਼ਿਰੋਮਣੀ ਸੰਸਥਾ ਦੇ ਇਕ ਕ੍ਰਿਆਵਾਦੀ ਦਾ ਪੁੱਤਰ ਸੀ ਜਿਸਨੇ "ਰੰਗੀਲਾ ਰਸੂਲ" ਨਾਮੀ ਪੁਸਤਕ ਲਿਖੀ ਸੀ ਜਿਸ ਵਿਚ ਪੈਗੰਬਰ ਮੁਹੰਮਦ ਦੀ ਨਿੰਦਾ ਕੀਤੀ ਗਈ ਸੀ। ਸੁਰਿੰਦਰ ਨਾਥ ਦੇ ਪਿਤਾ ਨੂੰ ਵੰਡ ਦੇ ਸਮੇਂ ਵੱਢ ਕੇ ਮਾਰ ਦਿੱਤਾ ਗਿਆ ਸੀ।

1994 ਵਿਚ ਰਾਜਪਾਲ ਸੁਰਿੰਦਰ ਨਾਥ ਦੀ ਇਕ ਹਵਾਈ ਜਹਾਜ਼ ਦੁਰਘਟਨਾ ਵਿਚ ਮੌਤ ਹੋ ਜਾਣ ਤੇ, ਅਖ਼ਬਾਰ ਵਾਲਿਆਂ ਨੂੰ ਬਹੁਤ ਭਾਰੀ ਰਕਮ, ਕੁਝ ਕਹਿੰਦੇ ਹਨ 110 ਕਰੋੜ ਦੀ ਸੂਹ ਮਿਲੀ, ਜੋ ਕਿ ਉਸ ਦੀ ਮੌਤ ਤੋਂ ਬਾਅਦ ਰਾਜ ਭਵਨ ਵਿਚ ਰਾਜਪਾਲ ਦੀ ਨਿੱਜੀ ਰਿਹਾਇਸ਼ ਵਾਲੇ ਕਮਰਿਆਂ ਵਿਚੋਂ ਉਠਾਈ ਗਈ ਸੀ। ਇਹ ਕਿਹਾ ਜਾਂਦਾ ਹੈ ਕਿ ਕੇਂਦਰੀ ਗ੍ਰਿਹ ਮੰਤਰੀ ਐਸ.ਬੀ. ਚਵਾਨ ਅਤੇ ਅੰਦਰੂਨੀ ਸੁਰੱਖਿਆ ਦੇ ਰਾਜ ਮੰਤਰੀ ਰਾਜੇਸ਼ ਪਾਇਲਟ ਵਿਚਲੀ ਆਪਸੀ ਲੜਾਈ ਇਸ ਜਾਣਕਾਰੀ ਲੀਕ ਦੇ ਲਈ ਜ਼ਿੰਮੇਵਾਰ ਸੀ। ਚਵਾਨ ਨੇ ਇਸ ਗੱਲ ਤੋਂ ਇਨਕਾਰ ਕੀਤਾ ਕਿ ਰਾਜ ਭਵਨ ਵਿਚੋਂ ਕੋਈ ਕਰੰਸੀ ਹਟਾਈ ਗਈ ਸੀ, ਪਰ ਫਿਰ ਉਸਨੇ ਮਾਮਲੇ ਨੂੰ ਇਹ ਕਹਿ ਕੇ ਉਲਝਾ ਲਿਆ ਕਿ ਸਿਰਫ ਪ੍ਰਧਾਨ ਮੰਤਰੀ ਹੀ ਉਥੋਂ ਫੜੀਆਂ ਗਈਆਂ ਚੀਜ਼ਾਂ ਸਬੰਧੀ

ਦੱਸ ਸਕਦੇ ਹਨ। ਤਾਂ, ਆਖਰਕਾਰ ਕੀ ਉਥੋਂ ਧਨ ਲਿਜਾਇਆ ਗਿਆ ਸੀ, ਅਤੇ ਹੁਣ ਸਵਾਲ ਇਸ ਮੁੱਦੇ ਤੇ ਆ ਕੇ ਰੁਕਦਾ ਹੈ ਕਿ ਅਸਲ ਵਿਚ ਰਕਮ ਕਿੰਨੀ ਸੀ ?

ਕੀਤੇ ਗਏ ਇਨਕਾਰਾਂ ਤੋਂ ਆਮ ਜਨਤਾ ਨੂੰ ਇਹ ਯਕੀਨ ਹੋ ਗਿਆ ਕਿ ਸਚਮੁਚ ਹੀ ਕਾਫ਼ੀ ਵੱਡੀ ਰਕਮ ਰਾਜਪਾਲ ਪਾਸ ਰੱਖੀ ਗਈ ਸੀ ਅਤੇ ਇਹ ਕਿ ਉਹ ਇਨ੍ਹਾਂ ਨਾਲ ਗੁਪਤਚਰੀ ਅਤੇ ਗੁਪਤ ਸੁਰੱਖਿਆ ਕਾਰਵਾਈਆਂ ਲਈ ਵਿੱਤ ਲਗਾਉਣ ਲਈ ਇਸਤਮਾਲ ਕਰਦਾ ਸੀ, ਜੋ ਕਿ ਉਹ ਸੀ ਆਈ ਐਸ ਐਫ਼ ਦਾ ਪ੍ਰਯੋਗ ਕਰਕੇ, ਖ਼ੁਦ ਆਪ ਨਿਰਦਿਸ਼ਟ ਕਰਦਾ ਸੀ।

ਕੇ.ਪੀ.ਐਸ. ਗਿੱਲ 1987 ਵਿਚ ਸੀ ਆਰ ਪੀ ਐਫ਼ ਦਾ ਡਾਇਰੈਕਟਰ ਜਨਰਲ ਸੀ ਜੋ ਕਿ ਰਿਬੈਰੋ ਅਧੀਨ ਪੰਜਾਬ ਪੁਲਿਸ ਬਲ ਨਾਲ ਤਾਲਮੇਲ ਕਰ ਰਹੀ ਸੀ। ਬਾਅਦ ਵਿਚ, ਜਦੋਂ ਗਿੱਲ ਡੀ ਜੀ ਪੀ, ਪੰਜਾਬ ਪੁਲਿਸ ਬਣ ਗਿਆ, ਤਾਂ ਉਸਦੇ ਸੀ ਆਰ ਪੀ ਐਫ਼ ਦੇ ਗਿਆਨ ਦੇ ਕਾਰਣ ਅਤੇ ਦੋਹਾਂ ਬਲਾਂ ਵਿਚ ਪਹਿਲੇ ਸਬੰਧਾਂ ਦੇ ਕਾਰਣ, ਸੀ ਆਰ ਪੀ ਐਫ਼ ਭਾਰੀ ਗਿਣਤੀ ਵਿਚ ਪੰਜਾਬ ਅੰਦਰ ਲਿਆਂਦੀ ਗਈ ਅਤੇ ਵੱਡੇ ਪੈਮਾਨੇ ਤੇ ਇਸਨੂੰ ਇਸਤਮਾਲ ਕੀਤਾ ਗਿਆ।

ਸੀ ਆਰ ਪੀ ਐਫ਼ ਯੂਨਿਟਾਂ ਨੂੰ ਪੰਜਾਬ ਪੁਲਿਸ ਦੇ ਥਾਨਿਆਂ ਨਾਲ ਲਗਾਉਣ ਦਾ ਇਕ ਕਾਰਣ ਇਹ ਸੀ ਕਿ ਜਦ ਕਿ ਪੰਜਾਬ ਪੁਲਿਸ ਦੇ ਬੰਦਿਆਂ ਦੀ ਪਛਾਣ ਸੀ ਅਤੇ ਉਨ੍ਹਾਂ ਨੂੰ ਉਨ੍ਹਾਂ ਦੀ ਸੇਵਾ-ਨਿਵਰਤੀ ਤੋਂ ਸਾਲਾਂ ਮਗਰੋਂ ਵੀ ਸ਼ਾਇਦ ਪਛਾਨਿਆ ਜਾ ਸਕੇ ਅਤੇ ਇਸ ਲਈ ਉਨ੍ਹਾਂ ਖਿਲਾਫ਼ ਕਾਰਵਾਈ ਕੀਤੀ ਜਾ ਸਕੇਗੀ ਅਤੇ ਕਿਉਂ ਜੋ ਸੀ ਆਰ ਪੀ ਐਫ਼ ਦੇ ਬੰਦੇ ਦੂਰ ਦੁਰਾਡੇ ਰਾਜਾਂ ਤੋਂ ਆਏ ਸਨ ਅਤੇ ਸਥਾਨਕ ਵਸਨੀਕਾਂ ਨੂੰ ਉਨ੍ਹਾਂ ਦੀ ਜਾਣ-ਪਛਾਣ ਨਹੀਂ ਸੀ, ਇਸ ਲਈ, ਉਹ ਅਸਲ ਵਿਚ ਲੋਕਾਂ ਨੂੰ ਮਾਰ ਮੁਕਾਉਣ ਦਾ ਗੰਦਾ ਕੰਮ ਨਿਪਟਾ ਸਕਦੇ ਸਨ ਅਤੇ ਫਿਰ ਵੀ ਮ੍ਰਿਤਕਾਂ ਦੇ ਰਿਸ਼ਤੇਦਾਰਾਂ ਜੋ ਮੌਤ ਦਾ ਬਦਲਾ ਲੈਣਾ ਚਾਹੁੰਦੇ ਸਨ ਤੋਂ ਕਾਫ਼ੀ ਮਹਿਫ਼ੂਜ਼ ਸਨ।

ਪੰਜਾਬ ਪੁਲਿਸ ਦੇ ਅੰਦਰ, ਉਹ ਲੋਕੀ ਜਿਨ੍ਹਾਂ ਨੇ ਅਸਲ ਵਿਚ ਨਜ਼ਰਬੰਦ ਵਿਅਕਤੀਆਂ ਨੂੰ ਮੌਤ ਦੇ ਘਾਟ ਉਤਾਰਿਆ (ਉਨ੍ਹਾਂ ਦੇ ਮੁਕਾਬਲੇ ਜਿਨ੍ਹਾਂ ਨੇ ਸਿਰਫ਼ ਮੌਤ ਦੇ ਹੁਕਮ ਦਿੱਤੇ) ਕਾਫ਼ੀ ਘੱਟ ਸੀ। "ਅੱਤਵਾਦੀਆਂ ਨੂੰ ਮਾਰਣ" ਲਈ ਨਕਦ ਇਨਾਮ 60,000 ਤੋਂ ਵੱਧ ਸੁਰੱਖਿਆ ਕਰਮਚਾਰੀਆਂ ਨੂੰ ਦਿੱਤੇ ਗਏ, ਪਰੰਤੂ ਇਹ ਭਰਮ ਵਿਚ ਪਾਉਣ ਵਾਲੀ ਹੈ ਕਿਉਂਕਿ ਇਹ ਯਕੀਨ ਕੀਤੇ ਜਾਣ ਦੇ ਕਾਰਣ ਹਨ ਕਿ ਇਹ ਇਕ ਨੀਤੀ ਦੇ ਕਾਰਣ ਕੀਤਾ ਗਿਆ ਸੀ ਜਿਸ ਦਾ ਟੀਚਾ (1) ਤਕਰੀਬਨ ਸਾਰੀ ਫ਼ੋਰਸ ਨੂੰ ਇਨਾਮ ਦੇਣਾ, ਅਤੇ (2) ਆਮ ਜਨਤਾ ਵਿਚ ਇਹ ਧਾਰਣਾ ਪੈਦਾ ਕਰਨਾ ਕਿ ਤਕਰੀਬਨ ਹਰ ਇਕ ਪੁਲਿਸ ਵਾਲਾ ਖਾੜਕੂਆਂ ਨੂੰ ਮੌਤ ਦੇ ਘਾਟ ਉਤਾਰ ਰਿਹਾ ਹੈ। ਅਸਲ ਕਾਤਲ ਉਹ ਲੋਕੀ ਸਨ ਜਿਨ੍ਹਾਂ ਦੇ ਨਾਂ ਇਨਾਮਾਂ ਦੀਆਂ ਸੂਚੀਆਂ ਵਿਚ ਵਾਰ-ਵਾਰ ਆ ਰਹੇ

ਸਨ ਅਤੇ ਜੋ ਕਈ ਬਿਨਾਂ-ਵਾਰੀ ਤਰੱਕੀਆਂ ਪਾ ਗਏ।

*ਅੰਦਰੂਨੀ ਸੁਰੱਖਿਆ ਵਲ ਲਗਾਏ ਗਏ ਆਰਮੀ ਸੰਗਠਨ*

ਦੋ ਵਿਸ਼ੇਸ਼ ਕੇਸਾਂ ਰਾਸ਼ਟਰੀਆ ਰਾਈਫਲਜ਼ ਅਤੇ ਆਸਾਮ ਰਾਈਫਲਜ਼ ਦੁਆਰਾ ਪ੍ਰਗਟਾਏ ਜਾਂਦੇ ਹਨ। ਰਾਸ਼ਟਰੀਆ ਰਾਈਫਲਜ਼ ਦੇ ਯੂਨਿਟਾਂ ਵਿਚ ਬੰਦੇ ਰੈਗੂਲਰ ਯੂਨਿਟਾਂ ਵਿਚ ਭਰਤੀ ਕੀਤੇ ਜਾਂਦੇ ਹਨ ਪਰ ਉਨ੍ਹਾਂ ਨੂੰ ਤਿੰਨ ਸਾਲਾਂ ਦੇ ਅਰਸੇ ਲਈ ਰਾਸ਼ਟਰੀਆ ਰਾਈਫਲਜ਼ ਜਾਂ ਆਸਾਮ ਰਾਈਫਲਜ਼ ਵਿਚ ਭੇਜਿਆ ਜਾਂਦਾ ਹੈ। ਉਨ੍ਹਾਂ ਨੂੰ ਸਪੈਸ਼ਲਾਈਜ਼ਡ ਆਰਮਜ਼ ਨਾਲ ਲੈਸ ਕੀਤਾ ਜਾਂਦਾ ਹੈ। ਇਸ ਦਾ ਭਾਵ ਹੈ ਕਿ ਫ਼ੌਜ ਅਸਲ ਵਿਚ, ਅੱਤਵਾਦ ਦਾ ਮੁਕਾਬਲਾ ਕਰਨ ਵਿਚ ਸ਼ਰੀਕ ਹੈ। ਪਰ, ਕਿਉਂ ਜੋ ਆਸਾਮ ਰਾਈਫਲਜ਼ ਜਾਂ ਰਾਸ਼ਟਰੀਆ ਰਾਈਫਲਜ਼ ਨੂੰ ਤਾਇਨਾਤ ਕਰਨ ਸਬੰਧੀ ਸੰਸਦ ਦੇ ਕਿਸੇ ਐਕਟ ਦੀ ਲੋੜ ਨਹੀਂ ਹੁੰਦੀ, ਇਸ ਲਈ ਫ਼ੌਜ ਨੂੰ, ਆਰਮੀ ਐਕਟ ਅਤੇ ਸੰਵਿਧਾਨ ਦੀ ਉਲੰਘਣਾ ਵਿਚ, ਆਪਣੀ ਮਰਜ਼ੀ ਅਨੁਸਾਰ ਇਸਤਮਾਲ ਕੀਤਾ ਜਾ ਸਕਦਾ ਹੈ।

ਆਸਾਮ ਰਾਈਫਲਜ਼ 35,000 31 ਬਟਾਲੀਅਨਾਂ

ਵਧੇਰੇ ਕਰਕੇ ਉੱਤਰ-ਪੂਰਵੀ ਭਾਰਤੀ ਸਰਹੱਦਾਂ ਦੀ ਰਾਖੀ ਕਰਨ ਲਈ।

ਰਾਸ਼ਟਰੀਆ ਰਾਈਫਲਜ਼ 40,000 36 ਬਟਾਲੀਅਨਾਂ

ਅੰਦਰੂਨੀ ਸਪਲਾਈ ਲਾਈਨਜ਼ ਦੀ ਰੱਖਿਆ ਲਈ

(ਅੰਕੜੇ **ਇੰਡੀਆ ਟੁਡੇ** ਅਪ੍ਰੈਲ 15, 1995 ਤੋਂ)

*ਖ਼ਰਚਾ*

ਪੰਜਾਬ ਵਿਚ ਤਾਇਨਾਤ ਕੀਤੇ ਗਏ ਨੀਮ-ਫੌਜੀ ਬਲਾਂ (ਆਸਾਮ ਅਤੇ ਰਾਸ਼ਟਰੀਆ ਰਾਈਫਲਜ਼ ਅਤੇ ਨਾਲ ਲਗਦੇ ਰਾਜਾਂ ਤੋਂ ਆਏ ਬਲਾਂ ਤੋਂ ਛੁੱਟ) ਦੀ ਗਿਣਤੀ ਦਾ ਅੰਦਾਜ਼ਾ ਪ੍ਰਧਾਨ ਮੰਤਰੀ ਪੀ.ਵੀ. ਨਰਸਿਮਹਾ ਰਾਓ ਦੁਆਰਾ (ਲੁਧਿਆਣਾ ਵਿਖੇ ਅਪ੍ਰੈਲ, 1995 ਵਿਚ ਇਕ ਜਨ-ਸਮੂਹ ਨੂੰ ਸੰਬੋਧਨ ਕਰਦਿਆਂ) ਪੰਜਾਬ ਦੁਆਰਾ ਕੇਂਦਰੀ ਸਰਕਾਰ ਨੂੰ ਦੇਣੇ ਬਣਦੇ 6,578 ਕਰੋੜ ਰੁਪਏ ਦੇ "ਕਰਜ਼ੇ" ਨੂੰ ਮਾਫ਼ ਕੀਤੇ ਜਾਣ ਸਬੰਧੀ ਕੀਤੇ ਗਏ ਐਲਾਨ ਦੇ ਇਸ ਅੰਕੜੇ ਤੋਂ ਵੀ ਲਗਾਇਆ ਜਾ ਸਕਦਾ ਹੈ। ਇਹ ਉਹ ਲਾਗਤ ਸੀ ਜੋ ਅੱਠ ਸਾਲ ਤਕ ਦੇ ਅਰਸੇ ਲਈ ਪੰਜਾਬ ਵਿਚ ਤਾਇਨਾਤ ਕੀਤੀਆਂ ਗਈਆਂ ਫੋਰਸਿਜ਼ ਤੇ ਆਈ ਸੀ। ਉਸ ਨੇ ਇਸ ਕਰਜ਼ੇ ਦੇ ਮਾਫ਼ ਕੀਤੇ ਜਾਣ ਦੀ ਇਹ ਕਹਿ ਕੇ ਉਚਿਤਤਾ ਦਰਸਾਈ ਕਿ ਪੰਜਾਬ ਮੁਲਕ ਦੀ ਲੜਾਈ ਲੜ ਰਿਹਾ ਸੀ ਅਤੇ ਇਸ ਕਰਕੇ ਇਹ ਇਕ "ਕੌਮੀ ਕਰਜ਼ਾ" ਸੀ। ਚਾਰ ਲਾਗਲੇ ਰਾਜਾਂ

ਹਿਮਾਚਲ ਪ੍ਰਦੇਸ਼, ਹਰਿਆਣਾ, ਰਾਜਸਥਾਨ ਅਤੇ ਉੱਤਰ ਪ੍ਰਦੇਸ਼ ਨੇ ਵੀ ਪੰਜਾਬ ਅੱਤਵਾਦ ਦਾ ਮੁਕਾਬਲਾ ਕਰਨ ਹਿੱਤ ਵਧੇਰੇ ਫੋਰਸ ਤਿਆਰ ਕੀਤੀ। ਹਰਿਆਣਾ ਨੇ ਇਸ ਸਬੰਧ ਵਿਚ 3,000 ਕਰੋੜ ਰੁਪਏ ਦਾ ਵਾਧੂ ਖ਼ਰਚਾ ਕਰਨ ਲਈ ਕੇਂਦਰ ਪਾਸ ਦਾਅਵਾ ਕੀਤਾ।

ਆਰਮੀ ਐਕਟ ਸ਼ਹਿਰੀ ਜੁਰਮਾਂ ਲਈ ਗਿਰਫਤਾਰੀ ਤੋਂ ਛੋਟ ਦਾ ਉਪਬੰਧ ਕਰਦਾ ਹੈ। ਉਨ੍ਹਾਂ ਤੇ ਕੋਰਟ ਮਾਰਸ਼ਲ ਰਾਹੀਂ ਹੀ ਮੁਕੱਦਮਾ ਚਲਾਇਆ ਜਾ ਸਕਦਾ ਹੈ। ਸਰਕਾਰ ਦੀ ਹੁਣ ਇਹ ਕੋਸ਼ਿਸ਼ ਹੈ ਕਿ ਪੁਲਿਸ ਅਤੇ ਨੀਮ-ਫੌਜੀ ਬਲਾਂ ਨੂੰ ਵੀ ਅਜਿਹੀ ਛੋਟ ਦਿੱਤੇ ਜਾਣ ਸਬੰਧੀ ਜਨਤਾ ਦੀ ਰਾਇ ਕਾਇਮ ਕੀਤੀ ਜਾਵੇ - ਜਿਸ ਦਾ ਭਾਵ ਹੈ ਭਾਰਤ ਨੂੰ ਮਿਲਿਟਰੀ ਰਾਜ ਵਲ ਧੱਕਣਾ।